ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

ਕੜੀ-9,

ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(It is interactive episode , in it we shall discuss the brief of the previous 8 episodes , hold interaction with experts , and shall try to raise the possible questions and answer the same even in the absence of experts .)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਦਵਿੰਦਰ ਸਿੰਘ: ਪਿਤਾ, ਇੱਕ ਲੇਖਾ ਮਾਹਰ

ਵਸੁਧਾ: ਵਿਗਿਆਨ ਕੇਂਦਰ ਦੀ ਵਿਗਿਆਨੀ , ਦਵਿੰਦਰ ਦੀ ਪਤਨੀ

ਮੋਨਿਕਾ : ਦਵਿੰਦਰ ਤੇ ਵਸੁਧਾ ਦੀ ਸਕੂਲ ਵਿੱਚ ਪੜ੍ਹਦੀ ਲੜਕੀ

ਲੱਕੀ : ਮੋਨਿਕਾ ਦਾ ਭਰਾ , ਸਕੂਲ ਵਿੱਚ ਪੜ੍ਹਦਾ ਲੜਕਾ

ਰਕੇਸ਼: ਵਾਤਾਵਰਣ ਵਿਗਿਆਨ ਦਾ ਪ੍ਰੋਫੈਸਰ

ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ"

(ਸੰਗੀਤ…)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਨਵੇਂ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗ**" ਦੀਆਂ ਅੱਠ ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸਾਡੇ ਵਿਕਾਸ ਦੀ ਮੌਜੂਦਾ ਦਿਸ਼ਾ ਕਾਰਨ ਕੁਦਰਤੀ ਸ੍ਰੋਤਾਂ ਨੂੰ ਹੋ ਰਹੇ ਨੁਕਸਾਨ ਬਾਬਤ ਤੇ ਇਸਦੀ ਦਿਸ਼ਾ ਵਿੱਚ ਬਦਲਾਅ ਕਰਕੇ ਇਕਸੁਰਤਾ ਵਾਲੇ , ਸ੍ਰੋਤਾਂ ਦੀ ਬਰਬਾਦੀ ਰੋਕਣ ਵਾਲੇ ਵਿਕਾਸ ਦੀ ਪਗ-ਡੰਡੀ ਦੀ ਜਾਣਕਾਰੀ ਲੈਂਦੇ ਹੋਏ ਇਨ੍ਹਾਂ ਰੇਡੀਓ ਨਾਟਕਾਂ ਦਾ ਅਨੰਦ ਮਾਣ ਚੁੱਕੇ ਹੋ । ਅੱਜ ਅਸੀਂ ਇਸ ਕੜੀ ਵਿੱਚ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ 'ਤੇ ਜਿਨ੍ਹਾਂ ਬਾਬਤ ਅਸੀਂ ਸੁਣ ਚੁੱਕੇ ਹਾਂ ਇੱਕ ਵਾਰ ਮੁੜ ਸਮੁੱਚੀ ਚਰਚਾ ਤੇ ਵਿਚਾਰ ਵਟਾਂਦਰੇ ਦੇ ਲਈ । ਅਸੀਂ ਇਹ ਵੀ ਪ੍ਰਬੰਧ ਕੀਤਾ ਹੈ ਕਿ ਮਾਹਰ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ ।ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜ਼ਿੰਦਗੀ**" ਦੀ 9ਵੀਂ ਕੜੀ ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ......ਤੁਹਾਡਾ ਸਭ ਦਾ ਅੱਜ ਦੇ ਇਸ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ ਨੌਵੀਂ ਕੜੀ ਵਿੱਚ ਨਿਘਾ ਸੁਆਗਤ ਹੈ ।ਜੀ ਆਇਆਂ ਨੂੰ ! "**ਟਿਕਾਊ ਵਿਕਾਸ**" ਦਾ ਵਾਕ-ਅੰਸ ਸੁਣਦੇ ਹੀ ਸਾਡੇ ਕੰਨ ਖੜ੍ਹੇ ਹੋ ਜਾਂਦੇ ਹਨ ਤੇ ਸਾਡੀਆਂ ਅੱਖਾਂ ਅੱਗੇ ਘੁੰਮ ਜਾਂਦੇ ਨੇ ਵਿਕਾਸ ਦੇ ਮਾਡਲ , ਵਿਕਾਸ ਪ੍ਰਕਿਰਿਆਂਵਾਂ ਰਾਹੀਂ ਸਾਡੇ ਸਮਾਜ ਵਿੱਚ ਹੋ ਰਹੇ ਬਦਲਾਅ, ਪਲ-ਪਲ ਬਦਲਦੀ ਤਰਜੇ ਜ਼ਿੰਦਗੀ, ਖਪਤ ਸਭਿਆਚਾਰ, 'ਵਰਤੋ ਤੇ ਸੁੱਟੋ' ਦਾ ਨਵਾਂ ਹਥਿਆਰ, ਕਰ ਰਿਹਾ ਹੈ ਕੁਦਰਤ ਦਾ ਜੋ ਘਾਣ ! ਕੁਦਰਤ ਦੇ ਵਿਗੜੇ ਸੰਤੁਲਨ ਕਾਰਨ ਪੰਜਾਬ ਵਰਗੇ ਸੂਬੇ ਵਿੱਚ ਚੇਤ ਦੇ ਮੀਂਹ ਹਨੇਰੀ ਤੇ ਗੜਿਆਂ ਨਾਲ ਕਣਕਾਂ ਦੀ ਹੁਣੇ ਹੁਣੇ ਹੋਈ ਬਰਬਾਦੀ ਵੱਲ ਚਲਿਆ ਜਾਂਦਾ ਹੈ ਸਾਡਾ ਧਿਆਨ ! ਇਸ ਕੁਦਰਤ ਵਿਰੋਧੀ ਵਿਕਾਸ ਕਾਰਨ ਕੁਦਰਤ ਦੇ ਸ੍ਰੋਤਾਂ ਦੇ ਅੰਧਾ – ਧੁੰਦ ਦੋਹਨ ਕਰਕੇ ਪੈਦਾ ਹੋਈ ਕੁਦਰਤੀ ਕਰੋਪੀ ਕਾਰਨ ਪੰਜਾਬ ਵਰਗੇ ਹਸਦੇ ਵੱਸਦੇ ਸੂਬੇ ਵਿੱਚ ਹੜ੍ਹਾਂ ਦਾ ਤੇ ਸੋਕਿਆਂ ( ਔੜ ਦਾ ) ਜਾਂ ਫਿਰ ਮਹਾਂਮਾਰੀਆਂ ਦਾ ਕਰੋਪ ਸਾਡੇ ਜਿਹਨ ਵਿੱਚ ਉਤਰ ਆਉਂਦਾ ਹੈ ।

**ਮਰਦ ਸੂਤਰਧਾਰ:** ਪੰਜਾਬ ਦੇ ਦਰਿਆ ਇਸਦੇ ਨਿਰਮਲ ਪਾਣੀਆਂ ਦਾ ਵਰਦਾਨ ਰਹੇ ਨੇ, ਇਸਦੀ ਜ਼ਰਖੇਜ ਜ਼ਮੀਨ ਪੂਰੇ ਮੁਲਕ ਦਾ ਪੇਟ ਭਰਦੀ ਰਹੀ ਹੈ , ਇਸਦੀ ਠੰਢੀ-ਠੰਢੀ ਰੁਮਕਦੀ ਪੌਣ , ਤੱਤੀਆਂ ਲੂਆਂ ਤੇ ਸਾਫ ਵਾਤਾਵਰਣ ਇਸ ਦੇ ਵਸਿੰਦਿਆਂ ਲਈ ਰਹੀਆਂ ਨੇ ਕੁਦਰਤੀ ਦਾਤਾਂ ਤੇ ਸੁਗਾਤਾਂ ।

**ਔਰਤ ਸੂਤਰਧਾਰ:** ਇਸੇ ਪੰਜਾਬ ਵਿੱਚ, ਜਿਥੇ ਸਾਡੇ ਖੂਹਾਂ ਤੇ ਵਸਦਾ ਸੀ ਰੱਬ ਤੇ ਜੰਗਲਾਂ ਬੇਲਿਆਂ ਵਿੱਚ ਪਨਪਦੀਆਂ ਸਨ ਪਿਆਰ ਦੀਆਂ ਕਹਾਣੀਆਂ , ਸੁਰੂ ਹੋਇਆ ਹਰਾ ਇਨਕਲਾਬ !

**ਮਰਦ ਸੂਤਰਧਾਰ:** ਇਕ ਦਮ ਸਾਡਾ ਧਿਆਨ ਖਿੱਚ ਲਿਆ ਆਧੁਨਿਕ ਖੇਤੀ ਵਿਗਿਆਨ ਨੇ , ਅਸੀਂ ਢਾਹ ਦਿੱਤੇ ਟਿੱਬੇ, ਫੇਰ ਦਿੱਤੀ ਆਰੀ ਜੰਗਲਾਂ ਬੇਲਿਆਂ ਦੇ ਰੁਖਾਂ ਤੇ , ਧਰਤੀ ਦੀ ਹਿੱਕ ਵਿੱਚ ਕਰਕੇ ਡੂੰਘੀਆਂ ਮੋਰੀਆਂ ਲਾ ਦਿੱਤੇ ਬੋਰ , ਚੱਪੇ ਚੱਪੇ ਤੇ ਕਰ ਦਿੱਤੀ ਬਿਜਾਈ , ਉਹ ਵੀ ਕਣਕ ਤੇ ਝੋਨੇ ਦੀ !

**ਔਰਤ ਸੂਤਰਧਾਰ:** ਹਾਂ ਜੀ ! ਵਧਾ ਦਿੱਤਾ ਝਾੜ , ਪਾ ਪਾ ਕੇ ਰਸਾਇਣਿਕ ਖਾਦਾਂ , ਬਣਾ ਦਿੱਤਾ ਅਮਲੀ ਜ਼ਮੀਨ ਨੂੰ ਇਨ੍ਹਾਂ ਖਾਦਾਂ ਦਾ , ਮਾਰ ਦਿੱਤੇ ਕੀਟ ਪਤੰਗ ਤੇ ਖਤਮ ਕਰ ਦਿੱਤੇ ਘਾਹ ਫੂਸ , ਜੰਡ , ਕਰੀਰ , ਕਿਕੱਰਾਂ , ਬੇਰੀਆਂ ਅੱਕ ਸਰਕੜਾ ਤੇ ਝਾੜ ਵੀ !

**ਮਰਦ ਸੂਤਰਧਾਰ:**ਬਦਲ ਗਿਆ ਖਾਣ ਪਾਨ , ਬਦਲ ਗਏ ਰੰਗ ਰਾਗ , ਬਦਲ ਗਏ ਤਿੱਥ ਤਿਹਾਰਾਂ ਦੇ ਤੌਰ ਤਰੀਕੇ , ਬਦਲ ਗਈਆਂ ਰੁੱਤਾਂ , ਸੁਰੂ ਹੋ ਗਏ ਬੇ ਰੁੱਤੇ ਮੀਂਹ , ਵਧ ਗਈ ਗਰਮੀ, ਘਟ ਗਈਆਂ ਸਰਦੀਆਂ ! ਨਵੀਆਂ ਗੁੱਡੀਆਂ ਤੇ ਨਵੇਂ ਪਟੋਲੇ !

**ਔਰਤ ਸੂਤਰਧਾਰ:** ਹਾਂ ਜੀ ! ਦੂਸ਼ਿਤ ਹੋ ਗਿਆ ਪਾਣੀ ਇਨ੍ਹਾਂ ਦਰਿਆਵਾਂ ਦਾ , ਪਤਾਲ ਨਾ ਜਾ ਛੋਹਿਆ ਧਰਤੀ ਹੇਠਲਾ ਪਾਣੀ , ਦੂਸ਼ਿਤ ਹੋ ਗਈ ਹਵਾ , ਫੁੱਟ ਪਿਆ ਜ਼ਹਿਰ ਇਸ ਜ਼ਰਖੇਜ ਜ਼ਮੀਨ ਦੇ ਥਾਂ ਥਾਂ ਤੇ !

**ਮਰਦ ਸੂਤਰਧਾਰ:** ਮਰ ਗਈ ਖੇਤੀ , ਜੁਆਨੀ ਹੋ ਗਈ ਬੇਰੁਜਗਾਰ, ਨਸ਼ਿਆਂ ਦਾ ਹੋ ਗਿਆ ਪ੍ਰਕੋਪ ! ਪੈਦਾ ਹੋ ਗਈਆਂ ਭਾਂਤ -ਭਾਂਤ ਦੀਆਂ ਬਿਮਾਰੀਆਂ ! ਖਾਲੀ ਹੋਣੇ ਸੁਰੂ ਹੋ ਗਏ ਘਰਾਂ ਦੇ ਘਰ ਤੇ ਵਿਛ ਗਏ ਸੱਥਰ ਹਰੇਕ ਪਰਿਵਾਰ ਵਿੱਚ !

**ਔਰਤ ਸੂਤਰਧਾਰ:** ਵਿੰਨਿਆ ਗਿਆ ਕਿਸਾਨੀ ਦਾ ਵਾਲ ਵਾਲ ਕਰਜੇ ਦੇ ਨਾਲ ! ਖੇਤੀ ਨਹੀਂ ਰਹੀ ਲਾਹੇਮੰਦ ਧੰਦਾ !

**ਮਰਦ ਸੂਤਰਧਾਰ:** ਆਹੋ ਜੀ ! ਨਤੀਜਾ ਹੈ ਇਹ ਸਾਰਾ ਸਾਡੇ ਆਧੁਨਿਕ ਵਿਕਾਸ ਦੇ ਮਾਡਲ ਦਾ ਜੋ ਨਹੀਂ ਕਿਹਾ ਜਾ ਸਕਦਾ ਟਿਕਾਊ ਕਿਸੇ ਵੀ ਪੈਮਾਨੇ ਤੋਂ !

**ਔਰਤ ਸੂਤਰਧਾਰ:** ਇਸ ਲੜੀਵਾਰ ਦੀ ਦੂਜੀ ਕੜੀ ਵਿੱਚ ਅਸੀਂ ਸੁਣੀ ਸੀ ਕਹਾਣੀ ਟਿਕਾਊ ਵਿਕਾਸ ਦੀ ਸਵਾਰੀ ਦੀ ! ਇਸ ਵਿੱਚ ਸਾਡੇ ਸਾਹਮਣੇ ਸੀ ਕਹਾਣੀ ਸੁੱਕ ਚੁੱਕੇ ਦੋ ਤਲਾਬਾਂ ਦੀ !

**ਮਰਦ ਸੂਤਰਧਾਰ:** ਹਾਂ ਜਿੱਥੇ ਦੇ ਪੇੜ ਤੇ ਜਾਨਵਰ ਹੋ ਗਏ ਸਨ ਖਤਮ ਵਿਕਾਸ ਦੇ ਕਾਰਨ ਕਿਉਂ ਜੋ ਖਤਮ ਹੋ ਗਿਆ ਸੀ ਉਨ੍ਹਾਂ ਦਾ ਰੈਣ ਬਸੇਰਾ !

**ਔਰਤ ਸੂਤਰਧਾਰ:**ਕਹਾਣੀ ਸੀ ਸੁਣੀ ਕਿ ਕਿਵੇਂ ਇੱਕ ਡਰਾਈਵਰ ਤੇ ਕਲੀਨਰ ਲੜਦੇ ਨੇ ਪਾਣੀ ਦੀ ਬੋਤਲ ਵਾਸਤੇ !

**ਮਰਦ ਸੂਤਰਧਾਰ:** ਹਾਂ ਜੀ ! ਸੁਣਿਆ ਸੀ ਕਿ ਕਿਵੇਂ ਵੱਡੀ ਨਵੀਂ ਨਕੋਰ ਚੌੜੀ ਸੜਕ ਕਿਨਾਰੇ ਬੈਠੇ ਇੱਕ ਦਰਵੇਸ਼ ਨੇ ਕੀਤੀ ਸੀ ਮੰਗ ਪਾਣੀ ਦੀ ਇੱਕ ਘੁੱਟ ਦੀ , ਦੋ ਸੈਲਾਨੀਆਂ ਦੇ ਕੋਲੋਂ ! ਤੇ ਕਿੰਨਾ ਮਿਲਿਆ ਸੀ ਸਕੂਨ ਉਸਨੂੰ ਉਸ ਦੋ ਘੁੱਟ ਪਾਣੀ ਦੇ ਨਾਲ !

**ਔਰਤ ਸੂਤਰਧਾਰ:** ਸੁਣ ਲਿਆ ਸੀ ਕਿ ਕਿਵੇਂ ਇੱਕ ਜ਼ਰਖੇਜ ਜ਼ਮੀਨ ਬਦਲ ਚੁੱਕੀ ਹੈ ਮਾਰੂਥਲ ਦੇ ਵਿੱਚ !

**ਮਰਦ ਸੂਤਰਧਾਰ:** ਇਹ ਵੀ ਸੁਣੀ ਸੀ ਗਾਥਾ ਕਿ ਕਿਵੇਂ ਲੋਕ ਸਹੇਜਦੇ ਸਨ ਬਾਰਸ਼ ਦਾ ਪਾਣੀ ਅਗੋਰ ਬਣਾ ਕੇ ! ਇਹ ਸੀ ਵਿਧੀ ਕੁਦਰਤੀ ਸਾਧਨਾਂ ਦੀ ਸੰਭਾਲ ਦੀ ਤੇ ਕਫਾਇਤੀ ਨਾਲ ਵਰਤੋਂ ਦੀ !

**ਔਰਤ ਸੂਤਰਧਾਰ:** ਹਾਂ ! ਇਹ ਵੀ ਤਾਂ ਹੋਇਆ ਸੀ ਕਿ ਕਦਰਤੀ ਸਾਧਨਾਂ ਦੀ ਸੰਭਾਲ ਦੇ ਨਵੇਂ ਤੌਰ ਤਰੀਕੇ ਮਹਿੰਗੇ ਤੇ ਔਖੇ ਸਨ ਤੇ ਨਹੀਂ ਸਨ ਆਉਂਦੇ ਜਨ-ਸਮੂਹਾਂ ਦੀ ਵਰਤੋਂ ਵਿੱਚ !

**ਮਰਦ ਸੂਤਰਧਾਰ:** ਆਹੋ ਜੀ ! ਮੈਸੋਪਟਾਮੀਆ ਦੀ ਸਭਿਅਤਾ ਦਾ ਵੀ ਨਾਸ ਹੋਇਆ ਸੀ ਇਸੇ ਤਰ੍ਹਾਂ ਜਦ ਕੁਦਰਤ ਵਿਰੋਧੀ ਵਿਕਾਸ ਦੇ ਨਾਲ ਭਰਨੇ ਸੁਰੂ ਹੋ ਗਏ ਦਰਿਆ ਉਨ੍ਹਾਂ ਦੇ ਗਾਰ ਦੇ ਨਾਲ ! ਖਤਮ ਹੋ ਗਿਆ ਪਾਣੀ ਤੇ ਮਰ ਗਈ ਖੇਤੀ ! ਨਸ਼ਟ ਹੋ ਗਈ ਉਹ ਪ੍ਰਫੁੱਲਤ ਸਭਿਅਤਾ !

**ਔਰਤ ਸੂਤਰਧਾਰ:** ਨਸ਼ਟ ਹੋ ਗਈਆਂ ਸਨ ਸੁਮੇਰੀਅਨ, ਨੀਲ ਤੇ ਸਿੰਧ ਘਾਟੀ ਦਿਆਂ ਸਭਿਆਤਾਵਾਂ ਵੀ ਜਦ ਹੋਇਆ ਹਮਲਾ ਉਨ੍ਹਾਂ ਉਪਰ ਕੁਦਰਤ ਵਿਰੋਧੀ ਵਿਕਾਸ ਦਾ !

**ਮਰਦ ਸੂਤਰਧਾਰ:** ਡਾ. ਵਾਲਟਰ ਲੌਡਰ ਮਿਲਕ ਜੁੜੇ ਸਨ ਜੋ ਜ਼ਮੀਨ ਸੰਭਾਲ ਅੰਦੋਲਨ ਨਾਲ ਅੰਤਰ –ਰਾਸਟਰੀ ਪੱਧਰ ‘ਤੇ ! ਸੁਣਾਇਆ ਸੀ ਬ੍ਰਿਤਾਂਤ ਉਨ੍ਹਾਂ ਵੱਲੋਂ ਸਭਿਅਤਾਵਾਂ ਬਾਬਤ ਕੀਤੀ ਭਰਪੂਰ ਖੋਜ ਦਾ !

**ਔਰਤ ਸੂਤਰਧਾਰ:** ਡਾ. ਵਾਲਟਰ ਲੌਡਰਮਿਲਕ ਨੇ ਕੀਤੀ ਸੀ ਖੋਜ ਭੌਂ ਖੋਰ ‘ਤੇ, ਜੰਗਲਾਂ ਦੀ ਕਟਾਈ ‘ਤੇ, ਜਿਆਦਾ ਚਰਾਂਦਾਂ ਬਣਾਉਣ ‘ਤੇ, ਜ਼ਮੀਨ ਵੱਲ ਤਵਜੋਂ ਦੀ ਘਾਟ ‘ਤੇ , ਖੇਤੀ ਕਰਨ ਵਾਲਿਆਂ ਅਤੇ ਪਸ਼ੂ ਚਾਰਨ ਵਾਲਿਆਂ ਵਿੱਚ ਵੱਧਦੇ ਗਏ ਟਕਰਾਅ ! ਬਣ ਗਏ ਸਨ ਇਹ ਟਕਰਾਅ ਕਾਰਨ ਸਲਤਨਤਾਂ ਦੇ ਅੰਤ ਦਾ ਤੇ ਪੂਰੀਆਂ ਦੀਆਂ ਪੂਰੀਆਂ ਸੱਭਿਅਤਾਵਾਂ ਦੇ ਨੇਸਤੋ ਨਬੂਦ ਦਾ !

**ਮਰਦ ਸੂਤਰਧਾਰ:** ਟਿਕਾਊ ਵਿਕਾਸ ਹੀ ਹੈ ਇੱਕ ਹੱਲ ਇਨ੍ਹਾਂ ਅਣਹੋਣੀਆਂ ਨੂੰ ਰੋਕਣ ਦਾ !

**ਔਰਤ ਸੂਤਰਧਾਰ:** ਡਾ. ਵਾਲਟਰ ਲੌਡਰ ਮਿਲਕ ਨੇ ਲੱਭਿਆ ਸੀ ਕਿ ਰੋਮਨ ਲੋਕ ਪਾਣੀ ਦੀ ਸੰਭਾਲ ਨਾਲ ਖੇਤੀ ਕਰਨ ਲਈ ਹੜ੍ਹਾਂ ਦੇ ਪਾਣੀ ਨੂੰ ਰੋਕ ਕੇ ਪਾ ਦਿੰਦੇ ਸਨ ਵਿੱਚ ਨਹਿਰਾਂ ਦੇ ਤੇ ਵਰਤ ਲੈਂਦੇ ਸਨ ਪੌੜੀਦਾਰ ਖੇਤਾਂ ਦੀ ਸਿੰਚਾਈ ਦੇ ਵਾਸਤੇ ! ਇਹ ਸੀ ਬਹੁਤ ਹੀ ਕਾਰਗਰ ਤੇ ਟਿਕਾਊ ਵਿਧੀ !

**ਮਰਦ ਸੂਤਰਧਾਰ:** ਟਿਕਾਊ ਵਿਕਾਸ ਦੇ ਨਮੂਨੇ ਵਜੋਂ ਉਹ ਘਾਟੀਆਂ ਵਿੱਚ ਬੀਜਦੇ ਸਨ ਅੰਨ ਤੇ ਢਲਾਣਾਂ ਤੇ ਲਾਉਂਦੇ ਸਨ ਬਾਗ !

**ਔਰਤ ਸੂਤਰਧਾਰ:** ਤੀਲਾ ਕਰਾਂਤੀ ਨਾਮੀ ਕਿਤਾਬ ਲਿਖੀ ਸੀ ਜੋ ਜਪਾਨ ਦੇ ਮਸਾਨੋਬੂ ਫੁਕੂਓਕਾ ਨੇ ! ਕਹਾਣੀ ਸੁਣਾਈ ਸੀ ਵੰਨ – ਸੁਵੰਨਤਾ ਦੀ ਰਾਖੀ ਦੀ ਤੇ ਟਿਕਾਊ ਵਿਕਾਸ ਦੀ ਇਸ ਕਿਤਾਬ ਤੀਲਾ ਕਰਾਂਤੀ ਦੇ ਜ਼ਰੀਏ !

**ਮਰਦ ਸੂਤਰਧਾਰ:** ਵੇਖੋ ਜੀ ਮਸਾਨੋਬੂ ਫੁਕੂਓਕਾ ਨੇ ਤਾਂ ਕਰ ਦਿੱਤਾ ਸੀ ਕਮਾਲ ਟਿਕਾਊ ਵਿਕਾਸ ਦਾ ਜਿਉਂਦਾ ਜਾਗਦਾ ਮਾਡਲ ਵਿਕਸਤ ਕਰਕੇ , ਪੈਦਾ ਕਰ ਦਿੱਤੇ ਸੰਗਤਰੇ ਚਾਵਲ ਤੇ ਅਨਾਜ ਇੱਕ ਹੀ ਖੇਤ ਵਿੱਚ ਨਾਲੋ ਨਾਲ !

**ਔਰਤ ਸੂਤਰਧਾਰ:** ਕੁਦਰਤੀ ਸੰਤੁਲਨ ਜਰੂਰੀ ਹੋਣ ਦੀ ਉਦਹਾਰਣ ਵਿੱਚ ਉਨ੍ਹਾਂ ਨੇ ਕਿਹਾ ਕਿ ਕੀਟ ਨਾਸ਼ਕ ਕੇਵਲ ਕੀਟਾਂ ਨੂੰ ਹੀ ਨਹੀਂ ਮਾਰਦੇ ਸਗੋਂ ਇਨ੍ਹਾਂ ਦੀ ਵਰਤੋਂ ਨਾਲ ਤਾਂ ਅਨੇਕਾਂ ਮਿੱਤਰ ਕੀਟ ਵੀ ਮਰ ਜਾਂਦੇ ਨੇ ਤੇ ਹਾਨੀਕਾਰਕ ਕੀਟਾਂ ਨੂੰ ਖਾਣ ਵਾਲੇ ਜਾਨਵਰ ਵੀ ਜਾਂਦੇ ਨੇ ਮਰ , ਪੈਦਾ ਹੋ ਜਾਂਦਾ ਹੈ ਅਸੰਤੁਲਨ , ਵਿਗੜ ਕੇ ਕੁਦਰਤੀ ਸੰਤੁਲਨ !

**ਮਰਦ ਸੂਤਰਧਾਰ:** ਇਸੇ ਕਾਰਨ ਤਾਂ ਹੋਣਾ ਪਿਆ ਹੈ ਮਜਬੂਰ ਸਾਨੂੰ , ਗੁਣ ਸੂਤਰ – ਬਦਲਾਅ ਫਸਲਾਂ 'ਤੇ ਮੁੜ ਸੋਚਣ ਦੇ ਲਈ !

**ਔਰਤ ਸੂਤਰਧਾਰ:** ਛੋਟਾ ਹੈ , ਸੁੰਦਰ ਹੈ ਵਿੱਚ ਸੁਣੀ ਸੀ ਕਹਾਣੀ ਆਧੁਨਿਕ ਉਦਯੋਗਿਕ ਵਿਕਾਸ ਦੀ !

**ਮਰਦ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਬੱਝਿਆ ਸੀ ਮੁੱਢ ਇਸ ਉਦਯੋਗਿਕ ਕਰਾਂਤੀ ਦਾ ? ਕਿਵੇਂ ਜੇਜਜ਼ ਵਾਟ ਵੱਲੋਂ ਭਾਫ ਇੰਜਨ ਦੇ ਵਿਕਸਤ ਹੋਣ ਨਾਲ, ਭਾਫ ਦੀ ਤਾਕਤ ਦੀ ਵਰਤੋਂ ਨਾਲ ਚੱਲਣ ਵਾਲੀਆਂ ਮਸ਼ੀਨਾਂ ਦਾ ਆ ਗਿਆ ਇੱਕ ਹੱੜ੍ਹ ਜਿਹਾ ਹੀ !

**ਔਰਤ ਸੂਤਰਧਾਰ:** ਹੁਣ ਤਾਂ ਇਨ੍ਹਾਂ ਮਸ਼ੀਨਾਂ ਤੋਂ ਬਦਲ ਕੇ ਸਵੈ ਚਾਲਤ ਮਸ਼ੀਨਾਂ ਦੇ ਯੁਗ ਦਾ ਵੀ ਅੰਤ ਹੈ ਨੇੜੇ ! ਥਾਂ ਇਨ੍ਹਾਂ ਦੀ ਲੈ ਰਹੇ ਨੇ ਭਾਂਤ-ਭਾਂਤ ਦੇ ਰੋਬਟ !

**ਮਰਦ ਸੂਤਰਧਾਰ:** ਹੁਣ ਤਾਂ ਕਾਰਾਂ ਤੇ ਰੇਲਾਂ ਬਿਨਾ ਡਰਾਈਵਰ ਦੇ , ਅਪਰੇਸ਼ਨ ਬਿਨਾ ਸਰਜਨਾਂ ਦੇ ਹੋ ਰਹੇ ਨੇ !

**ਔਰਤ ਸੂਤਰਧਾਰ:** ਰਿਚਰਡ ਆਰਕਰਾਈਟ ਦੀਆਂ ਕੱਤਣੀਆਂ ਨੇ ਬਦਲ ਦਿੱਤੀ ਰੂਪ ਰੇਖਾ ਧਾਗਾ ਤੇ ਕਪੜਾ ਉਦਯੋਗ ਦੀ !

**ਮਰਦ ਸੂਤਰਧਾਰ:** ਪਰ ਇਸ ਨਾਲ ਸ਼ੁਰੂ ਹੋ ਗਿਆ ਸ਼ਹਿਰਾਂ ਵੱਲ ਪਲਾਇਨ ! ਉਸਰ ਗਈਆਂ ਗੰਦੀਆਂ ਬਸਤੀਆਂ ! ਖੁੱਸ ਗਈਆਂ ਜੀਵਣ ਦਿਆਂ ਲੋੜਾਂ ਮਜਦੂਰਾਂ ਦੇ ਕੋਲੋਂ , ਘੱਟ ਗਈਆਂ ਉਨ੍ਹਾਂ ਦੀਆਂ ਉਜਰਤਾਂ ਮੁਨਾਫੇ ਦੀ ਅਮਨੀ ਦੌੜ ਵਿੱਚ !

**ਔਰਤ ਸੂਤਰਧਾਰ:** ਬਣ ਗਿਆ ਮਨੁੱਖ ਵੀ ਇੱਕ ਮਸ਼ੀਨ ! ਟੁੱਟ ਗਿਆ ਉਹ ਸੰਸਾਰ ਨਾਲੋਂ , ਮਨੁੱਖ ਨਾਲੋਂ , ਆਪਣੇ ਆਲੇ ਦੁਆਲੇ ਨਾਲੋਂ , ਆਪਣੇ ਕੰਮ ਨਾਲੋਂ ਤੇ ਆਪਣੇ ਆਪ ਨਾਲੋਂ ਵੀ !

**ਮਰਦ ਸੂਤਰਧਾਰ:** ਹਾਂ ! ਇਹੀ ਤਾਂ ਹੈ ਅਣ ਟਿਕਾਊ ਵਿਕਾਸ, ਇਸ ਕੁਦਰਤ ਵਿਰੋਧੀ ਵਿਕਾਸ ਦਾ ਨਤੀਜਾ ਤਾਂ ਇਹ ਹੋਣਾ ਹੀ ਸੀ !

............**ਦ੍ਰਿਸ਼ ਬਦਲਾਅ ਸੰਗੀਤ** ............

**ਦ੍ਰਿਸ਼ -2**

**ਮਰਦ ਸੂਤਰਧਾਰ:** ਇਸ ਉਦਯੋਗਿਕ ਵਿਕਾਸ ਤੇ ਸ਼ਹਿਰੀ ਕਰਨ ਨੇ ਵਧਾ ਦਿੱਤੀ ਮੰਗ ਪਥਰਾਹਟੀ ਬਾਲਣਾਂ ਦੀ ! ਵਧ

ਗਈ ਵਰਤੋਂ ! ਤੇ ਹੋਣਾ ਸੁਰੂ ਹੋ ਗਿਆ ਵਾਤਾਵਰਣੀ ਪ੍ਰਦੂਸ਼ਨ ! ਨਿੱਕਲਨ ਲੱਗੀਆਂ ਵਾਤਾਵਰਣ ਮਲੀਨ ਕਰਨ ਵਾਲੀਆਂ ਗੈਸਾਂ !

**ਔਰਤ ਸੂਤਰਧਾਰ:** ਵਿਕਾਸ ਦੇ ਇਸ ਤੌਰ ਤਰੀਕੇ ਕਾਰਨ ਪੈਦਾ ਹੋ ਗਿਆ ਘੋਰ ਸੰਕਟ ! ਹੁਣ ਅਸੀਂ ਰੁਖ ਕਰ ਰਹੇ ਹਾਂ ਨਵਿਆਉਣ ਯੋਗ ਊਰਜਾ ਸ੍ਰੋਤਾਂ ਵੱਲ ! ਵਿਸ਼ੇਸ਼ ਕਰਕੇ ਸੌਰ ਊਰਜਾ ਵੱਲ ! ਸਾਰਾ ਸੰਸਾਰ ਲੱਗਿਆ ਹੈ ਕਾਰਬਨ ਉਤਸਰਜਨ ਘਟਾਉਣ ਵਿੱਚ !

**ਮਰਦ ਸੂਤਰਧਾਰ:** ਮੰਨੇ-ਪ੍ਰਮੰਨੇ ਵਿਗਿਆਨੀ ਡਾ. ਅਨਿਲ ਕਾਕੋਡਕਰ ਨੇ ਦਿੱਤਾ ਹੈ ਇੱਕ ਨਵਾਂ ਵਿਚਾਰ ! ਬਣਾਓ ਸ਼ਹਿਰ , ਪਿੰਡ ਦੇ ਹੀ ਵਿੱਚ , 'ਸਿਟੀ ਇਨ ਏ ਵਿਲੇਜ' ਜਿਸਨੂੰ ਕਿਹਾ ਗਿਆ ਹੈ ਸਿਲੇਜ !

**ਔਰਤ ਸੂਤਰਧਾਰ:** ਸੁਣਿਆ ਸੀ ਅਸੀਂ ਇਹ ਵੀ ਕਿ ਬਹੁਤ ਸਾਰੇ ਨੇ ਉਦਮੀ ਦਿਹਾਤ ਵਿੱਚ ਵੀ ਜਿਹੜੇ ਵਿਕਸਤ ਕਰਦੇ ਨੇ ਕੁਦਰਤ ਨਾਲ ਇਕਸੁਰਤਾ ਵਾਲੀਆਂ ਕਾਢਾਂ ਤੇ ਦਿੰਦੇ ਨੇ ਰੁਜਗਾਰ ਵੀ , ਟਿਕਾਊ ਵਿਕਾਸ ਦੇ ਨਾਲ ਨਾਲ ।

**ਮਰਦ ਸੂਤਰਧਾਰ:**ਮੈਨੂੰ ਤਾਂ ਲੱਗਦਾ ਹੈ ਕਿ ਇਸ ਮਾਮਲੇ ਵਿੱਚ ਸਾਨੂੰ ਗਾਂਧੀ ਜੀ ਦੇ ਫਲਸਫੇ 'ਤੇ ਹੀ ਚੱਲਣਾ ਪਵੇਗਾ!

**ਔਰਤ ਸੂਤਰਧਾਰ:** ਗਾਂਧੀ ਜੀ ਕਹਿੰਦੇ ਸਨ ਕਿ ਸਾਨੂੰ ਉੱਚ ਪੱਧਰੀ ਉਤਪਾਦਨ ਵੱਲ ਨਹੀਂ ਵਧਣਾ ਚਾਹੀਦਾ ਸਗੋਂ ਸਾਡੀ ਉਤਪਾਦਨ ਵਿਧੀ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਮਸ਼ੀਨਾਂ ਦੀ ਥਾਂ ਜਿਆਦਾ ਰੁਜਗਾਰ ਪੈਦਾ ਕਰਨ ਵਾਲੀ ਹੋਵੇ !

**ਮਰਦ ਸੂਤਰਧਾਰ:** ਹਾਂ ਜੀ ! ਉਨ੍ਹਾਂ ਦਾ ਵਿਚਾਰ ਸੀ ਕਿ ਸਾਨੂੰ ਜਨ-ਸਮੂਹ ਨੂੰ ਉਤਪਾਦਨ 'ਚ ਲਾਉਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀਂ ਉਦਯੋਗੀਕਰਨ ਤੋਂ ਉਪਜੀਆਂ ਸਮਾਜਿਕ ਸਮੱਸਿਆਵਾਂ ਦਾ ਹੱਲ ਕਰ ਸਕਦੇ ਹਾਂ ।

**ਔਰਤ ਸੂਤਰਧਾਰ:** ਸਮਾਜਕ ਹੀ ਨਹੀਂ ਸਗੋਂ ਬੇਰੁਜਗਾਰੀ ਦਾ ਹੱਲ ਕਰਦੇ ਹੋਏ, ਆਰਥਕ ਮਸਲੇ ਸੁਲਝਾ ਸਕਦੇ ਹਾਂ ਤੇ ਟਿਕਾਊ ਵਿਕਾਸ ਵੱਲ ਵੀ ਵਧ ਸਕਦੇ ਹਾਂ !

**ਮਰਦ ਸੂਤਰਧਾਰ:** ਅਗੇ ਜਾ ਕੇ ਚੌਥੀ ਕੜੀ ਵਿੱਚ ਅਸੀਂ ਸੁਣਾਈ ਸੀ ਕਹਾਣੀ ਤੁਹਾਨੂੰ ਸਾਡੀਆਂ ਲੋੜਾਂ ਬਾਬਤ , ਨਾਟਕ ਸਾਡਾ ਸੀ " ਕਿੰਨੀ ਕੁ ਹੈ ਲੋੜ ਸਾਡੀ ?"

**ਔਰਤ ਸੂਤਰਧਾਰ:** ਹਾਂ ਜੀ ! ਤੁਹਾਨੂੰ ਤਾਂ ਯਾਦ ਹੀ ਹੋਵੇਗਾ ਕਿ ਧਰਤੀ ਨੀ ਮੈਂ ਧਰਤੀ ਸਈਓ ਦੀ ਲੈਅ ਨਾਲ , ਇਹ ਸਾਡੀ ਧਰਤੀ ਸਾਨੂੰ ਦਸਦੀ ਹੈ ਕਿ ਇਹ ਗ੍ਰਹਿਆਂ ਵਿੱਚ ਕਿੱਥੇ ਖੜ੍ਹੀ ਹੈ !

**ਮਰਦ ਸੂਤਰਧਾਰ:** ਕੀ ਕੁਝ ਹੈ ਇਸਦੇ ਪਾਸ ? ਜੀਵਣ ਲੱਭਿਆ ਹੈ ਨਹੀਂ ਅਜੇ ਤੱਕ ਤਾਂ ਕਿਸੇ ਹੋਰ ਗ੍ਰਹਿ ਦੇ ਉਪਰ, ਕੇਵਲ ਇਸ ਧਰਤੀ ਨੂੰ ਹੀ ਪ੍ਰਾਪਤ ਹੈ ਮਾਣ ਜੀਵਣ ਦਾਤੀ ਹੋਣ ਦਾ !

**ਔਰਤ ਸੂਤਰਧਾਰ:** ਹਾਂ , ਪਰ ਇਸ ਜੀਵਣ ਦਾਤੀ ਦੇ ਆਹ ਇਨਸਾਨ ਨਾਮੀ ਪੁਤਰ ਤਾਂ ਕਰਦੇ ਨੇ ਇਸਦੇ ਸ੍ਰੋਤਾਂ ਦਾ ਘਾਣ !

**ਮਰਦ ਸੂਤਰਧਾਰ:** ਪਰ ਇਹ ਵੀ ਤਾਂ ਸੱਚ ਹੈ ਕਿ ਇਹੀ ਨੇ ਇਨਸਾਨ ਜੋ ਲੱਭ ਰਹੇ ਨੇ ਸਮਾਧਾਨ , ਕਿਵੇਂ ਬਚਾਈਏ ਇਸ ਧਰਤੀ ਨੂੰ ਪ੍ਰਲੋ ਤੋਂ ਤੇ ਕਿਵੇਂ ਹੋਵੇ ਟਿਕਾਊ ਵਿਕਾਸ ਇੱਥੇ !

**ਔਰਤ ਸੂਤਰਧਾਰ:**ਆਹੋ ਜੀ ! ਬੀਜ ਨਾਸ ਤਾਂ ਕਿਸੇ ਚੀਜ ਦਾ ਨਹੀਂ ! ਧੁੱਪ -ਛਾਂ, ਸਰਦੀ-ਗਰਮੀ, ਦਿਨ - ਰਾਤ , ਤੇ ਉਵੇਂ ਨੇ ਸੰਜਮੀ ਲੋੜ ਮੁਤਾਬਕ ਖਾਣ ਵਾਲੇ ਤੇ ਤੋੜ ਤੋੜ ਕੇ ਸਿੱਟਣ ਅਤੇ ਫਜੂਲ ਜਾਇਆ ਕਰਨ ਵਾਲੇ !

**ਮਰਦ ਸੂਤਰਧਾਰ:** ਬੱਸ ਆਹ ਸੰਤੋਖੀ ਤੇ ਵਿਵੇਕੀ ਇਨਸਾਨ ਹੀ ਨੇ ਕਰਦੇ ਨੇ ਜੋ ਇਹ ਧਿਆਨ ਲੋੜੋਂ ਵੱਧ ਕੋਈ

ਕਿਉਂ ਲਵੇ ਇਨਸਾਨ ?

**ਔਰਤ ਸੂਤਰਧਾਰ:** ਆਹੋ ਜੀ ! ਲੋੜੋਂ ਵੱਧ ਲੈਣ ਦੀ ਆਦਤ ਨਾਲ ਬੇਲੋੜਾ ਫੋਕਟ ਜੋ ਪੈਦਾ ਹੁੰਦਾ ਹੈ ਉਸਦਾ ਤਾਂ ਹਿਸਾਬ ਕਿਤਾਬ ਲਾਉਂਦੇ ਹੀ ਥੱਕ ਗਏ ਸਨ ਸਾਡੇ ਪਾਤਰ !

**ਮਰਦ ਸੂਤਰਧਾਰ:** ਥੱਕਣ ਵੀ ਕਿਉਂ ਨਾ ? ਕਦੇ ਖਾਲੀ ਡੱਬੇ , ਕਦੇ ਪਲਾਸਟਕ ਦੇ ਗਲਾਸ ਤੇ ਪਾਣੀ ਦੀਆਂ ਬੋਤਲਾਂ , ਕਦੇ ਪੇਅ ਪਦਾਰਥਾਂ ਵਾਲੀਆਂ ਡੱਬੀਆਂ , ਕਦੇ ਪੈਕ ਕਰਨ ਵਾਲੇ ਕਾਰਟੂਨ , ਕਦੇ ਬੈਟਰੀਆਂ ਦੇ ਸੈੱਲ , ਕਦੇ ਮੋਬਾਈਲ , ਕਦੇ ਟੁੱਟੇ ਇਲਕਰਾਨਿਕ ਉਪਕਰਨ , ਕਦੇ ਪੈੱਨ ਤੇਕਦੇ ਨਵੀਂਆਂ ਨਕੋਰ ਪਿਛਲੇ ਸਾਲਾਂ ਦੀਆਂ ਕਿਤਾਬਾਂ ! ਲਗਾਓ ਹਿਸਾਬ ! ਬੱਸ ਲਗਾਉਂਦੇ ਹੀ ਜਾਓ ! ਵਿਹਲ ਤਾਂ ਮਿਲਦੀ ਹੀ ਨਹੀਂ ਸੀ ਉਨ੍ਹਾਂ ਵਿਚਾਰੇ ਜੁਆਕਾਂ ਨੂੰ !

**ਔਰਤ ਸੂਤਰਧਾਰ:** ਨਾਲੇ ਮਾਪੇ ਤਾਂ ਉਨ੍ਹਾਂ ਦੇ ਲੱਗੇ ਸਨ ਆਪਣੀ ਅਮੀਰੀ ਦਾ ਵਿਖਾਵਾ ਕਰਨ , ਦੋ ਦੋ ਕਾਰਾਂ ਨਵੇਂ ਤੋਂ ਨਵੇਂ ਸੂਟ , ਹਰ ਸੂਟ ਨਾਲ ਮਿਲਦੇ ਜੁਲਦੇ ਪਰਸ , ਬਟੂਏ ਤੇ ਗਹਿਣੇ ।

**ਮਰਦ ਸੂਤਰਧਾਰ:**ਹਾਂ ਜੀ! ਹੁਣ ਤਾਂ ਮਿਲਦੀਆਂ ਜੁਲਦੀਆਂ ਜੁੱਤੀਆਂ ਤੇ ਕਾਰਾਂ ਵੀ ਉਸੇ ਰੰਗ ਦੀਆਂ ਲੈਣ ਦੀ ਹੋੜ ਐ !

**ਔਰਤ ਸੂਤਰਧਾਰ:** ਇਸੇ ਕਾਰਨ ਤਾਂ ਦਿੱਲੀ , ਕਲਕੱਤੇ ਵਰਗੇ ਮਹਾਂ ਨਗਰਾਂ ਵਿੱਚ ਇਸ ਕਬਾੜ ਦੇ ਡੰਪ ਨੇ ਜੋ ਬਣ ਗਏ ਨੇ ਪਹਾੜ !

**ਮਰਦ ਸੂਤਰਧਾਰ:** ਅੱਛਾ ਗੱਲ ਇੱਕ ਹੋਰ ਹੈ ਪਤੇ ਦੀ !

**ਔਰਤ ਸੂਤਰਧਾਰ:** ਪਤੇ ਦੀ ? ਗੱਲ ਇੱਕ ਹੋਰ ? ਉਹ ਕੀ ?

**ਮਰਦ ਸੂਤਰਧਾਰ:** ਉਹ ਹੈ ਬੜੇ ਹੀ ਭੇਦ ਵਾਲੀ ਤੇ ਬੌਂਦਲਾ ਦੇਣ ਵਾਲੀ !

**ਔਰਤ ਸੂਤਰਧਾਰ:** ਹੈਂ ! ਬੌਂਦਲਾ ਦੇਣ ਵਾਲੀ ? ਕਿਹੜੀ ਹੈ ਅਜਿਹੀ ਔਲੋਕਾਰ ਕਹਾਣੀ ਤੇਰੇ ਕੋਲ ?

**ਮਰਦ ਸੂਤਰਧਾਰ:** ਵਾਹ ! ਔਲੋਕਾਰ ? ਉਹ ਤਾਂ ਜਦ ਸੁਣੇਂਗੀ ਤਾਂ ਲਗੂ ਪਤਾ ।

**ਔਰਤ ਸੂਤਰਧਾਰ:** ਬੱਸ ਗੱਲ ਨਾ ਸੁਣਾਈਂ , ਤੂੰ ਵੀ ਬਰਬਾਦ ਕਰੀ ਜਾਈਂ ਸਮਾ ! ਬੱਸ ਬੈਠਾ ਰਹੀਂ ਫਿਰ ! ਧਰਤੀ ਦੇ ਸ੍ਰੋਤ ਤਾਂ ਅਜੇ ਕੁੱਝ ਦਹਾਕੇ ਲੈਣਗੇ ਖਤਮ ਹੋਣ ਨੂੰ ਪਰ ਵਕਤ ਤਾਂ ਤੇਰਾ ਬੱਸ ਹੋਇਆ ਖਤਮ ਸਮਝ ਲੈ !

**ਮਰਦ ਸੂਤਰਧਾਰ:** ਚਲੋ ਚੰਗਾ ਹੋਇਆ ! ਤੈਂ ਦੱਸ ਦਿੱਤਾ । ਲੈ ਸੁਣ ਇਹ ਅਜੀਬ ਗੱਲ ! ਸਾਡਾ ਮੁਲਕ ਕਹਿੰਦੇ ਜਿਸਨੂੰ ਹਿੰਦੁਸਤਾਨ, ਜਾਣੇ ਕੁੱਲ ਜਹਾਨ ! ਕਰਦਾ ਸੀ ਸਨਮਾਨ ਇਸ ਕੁਦਰਤ ਦਾ , ਬਣ ਕੇ ਸੰਜਮੀ ਤੇ ਵਿਦਵਾਨ !

**ਔਰਤ ਸੂਤਰਧਾਰ:** ਆਹੋ ਸਾਡੇ ਦੇਸ ਵਿੱਚ ਤਾਂ ਅਸੀਂ ਹਰ ਚੀਜ ਦੀ ਵਰਤੋਂ ਮੁੜ- ਮੁੜ ਕਰਦੇ ਸੀ । ਪਹਿਲਾਂ ਪਾਉਂਦੇ ਕਪੜੇ , ਪਿਰ ਬਣਾਉਂਦੇ ਛੋਟੇ ਕੱਪੜੇ, ਫਿਰ ਝੋਲੇ , ਫਿਰ ਗੁੱਡੀਆਂ ਪਟੋਲੇ ਤੇ ਫਿਰ ਪਰੋਲੇ ! ਹੈ ਨਾ ਸੀ ਕਮਾਲ ?

**ਮਰਦ ਸੂਤਰਧਾਰ:** ਹਾਂ ! ਐਨੀ ਥੋਹੜੀ ਜਿਹੀ ਲੋੜ ਨੂੰ ਅਸੀਂ ਬੇਮਤਲਬ ਵਧਾ ਲਿਆ । ਬਣਾਉਣ ਵਾਸਤੇ ਵੱਡੇ ਵੱਡੇ ਪੁਲ ਤੇ ਸੜਕਾਂ , ਵੱਢ ਦਿੱਤੇ ਲੱਖਾਂ ਹੀ ਰੁੱਖ , ਭੁੱਲ ਗਏ ਅਸੀਂ ਰੁੱਖਾ ਦੇ ਸੌ ਸੁੱਖ !

**ਔਰਤ ਸੂਤਰਧਾਰ:** ਆਹੋ ਜੀ ! ਹੁਣ ਤਾਂ ਅਸੀਂ ਬਚਾਉਣ ਤੋਂ ਹੋ ਗਏ ਇਨਕਾਰੀ , ਰੁੱਖ ਵੀ ਤੇ ਕੁੱਖ ਵੀ !

**ਮਰਦ ਸੂਤਰਧਾਰ:** ਇਸ ਬਰਬਾਦੀ ਬਾਬਤ ਇਕ ਸਮੁੰਦਰੀ ਮਹਿਲਾ ਵਿਗਿਆਨੀ ਰਾਕੇਲ ਕਾਰਸਨ ਦੀ ਸੰਸਾਰ ਪ੍ਰਸਿੱਧ ਕਿਤਾਬ ਹੈ ਸ਼ਾਂਤ ਝਰਨਾ! ਦਸਦੀ ਹੈ ਇਹ ਸਾਨੂੰ ਪਰਿਆਵਰਣ ਦੀ ਹੋ ਰਹੀ ਖਰਾਬੀ ਦੇ ਬਾਬਤ !

**ਔਰਤ ਸੂਤਰਧਾਰ:** ਤਬਾਹੀ ਹੋ ਰਹੀ ਹੈ ਤਬਾਹੀ ! ਹਰ ਸਾਲ 1,80,00, 000 ਏਕੜ ਤਾਂ ਜੰਗਲ ਹੀ ਦਿੱਤੇ ਜਾਂਦੇ ਨੇ ਵੱਢ ਇਸ ਕੁਦਰਤ ਵਿਰੋਧੀ ਵਿਕਾਸ ਦੇ ਨਾਮ ਦੇ ਹੇਠ !

**ਮਰਦ ਸੂਤਰਧਾਰ:** ਮੁੱਕ ਗਏ ਨੇ ਹੁਣ ਖਣਿਜਾਂ ਦੇ ਭੰਡਾਰ ਵੀ ! ਪੰਜਾਬ ਵਿੱਚ ਤਾਂ ਰੇਤ ਤੇ ਬਜਰੀ ਦਾ ਵੀ ਸੰਕਟ ਖੜ੍ਹਾ ਹੈ ਸਿਰ 'ਤੇ !

**ਔਰਤ ਸੂਤਰਧਾਰ:** ਰਵਾਇਤੀ ਬਨਸਪਤੀ ਮਰ ਰਹੀ ਹੈ ! ਜਹਿਰ ਭਰ ਰਿਹਾ ਹੈ ਜ਼ਮੀਨ ਵਿੱਚ !

**ਮਰਦ ਸੂਤਰਧਾਰ:** ਹੁਣ ਤਾਂ ਵਰਤੋ ਤੇ ਸੁਟੋ ਸਭਿਆਚਾਰ ਐਨਾ ਵੱਧ ਗਿਆ ਕਿ ਕਈ ਤਾਂ ਮਾਪਿਆਂ ਪ੍ਰਤੀ ਵੀ ਇਹੀ ਵਤੀਰਾ ਰੱਖਦੇ ਨੇ , 'ਵਰਤੋ ਤੇ ਸੁੱਟੋ' ਵਾਲਾ ਹੀ !

**ਔਰਤ ਸੂਤਰਧਾਰ:** ਪਰ ਹੁਣ ਸਾਨੂੰ ਅਵੇਸਲਾਪਨ ਤਿਆਗਣਾ ਪਵੇਗਾ , ਹੁਣ ਸਾਨੂੰ ਜਾਗਣਾ ਪਵੇਗਾ , ਸਮੂਹਿਕ ਯਤਨ ਕਰਨੇ ਪੈਣਗੇ ਤਾ ਕਿ ਅਸੀਂ ਵਰਤੀਏ ਲੋੜ ਅਨੁਸਾਰ ਹੀ ! ਘਟ ਵਰਤੀਏ , ਮੁੜ ਮੁੜ ਵਰਤੀਏ , ਪੁਨਰ ਚੱਕਰੀ ਕਰਨ ਕਰਕੇ ਵਰਤੀਏ , ਇਹ ਹੈ ਨਾਅਰਾ ਸਾਡਾ !

**ਮਰਦ ਸੂਤਰਧਾਰ:** ਇਸ ਉਪਰੰਤ ਅਸੀਂ ਸੁਣਾਈ ਸੀ ਕਹਾਣੀ ਕਿ ਬਹੁਤ ਸਾਰੇ ਪਾੜ੍ਹਿਆਂ ਨੇ ਵੀ ਨਹੀਂ ਸੁਣਿਆ ਟਿਕਾਊ ਵਿਕਾਸ ਵਾਕਅੰਸ਼ ਨੂੰ ! ਸਪਸਟ ਹੋ ਗਿਆ ਸੀ ਕਿ ਇਸ ਦੂਤ ਗ੍ਰਹਿ ਦੀ ਸਲਾਮਤੀ ਵਾਸਤੇ ਲੋੜ ਹੈ ਵਿਸ਼ਾਲ ਜਾਗਰੂਕਤਾ ਮੁਹਿੰਮ ਦੀ !

**ਔਰਤ ਸੂਤਰਧਾਰ:** ਆਹੋ ਜੀ ! ਇਹ ਮੁਹਿੰਮ ਤਾਂ ਚਲਾਉਣੀ ਹੀ ਪੈਣੀ ਹੈ ਕਿਉਂ ਜੋ !

**ਮਰਦ ਸੂਤਰਧਾਰ:** ਕਿਉਂ ਜੋ ! ਕਿਉਂ ਜੋ ਕੀ ?

**ਔਰਤ ਸੂਤਰਧਾਰ:** ਕਿਉਂ ਜੋ ਅਜੇ ਤਾਂ ਬਹੁਤਿਆਂ ਨੂੰ ਨਹੀਂ ਸਮਝ ਨਵਿਆਉਣਯੋਗ ਤੇ ਨਾ- ਨਵਿਆਉਣਯੋਗ ਊਰਜਾ ਦੇ ਅੰਤਰ ਦੇ ਬਾਬਤ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਇਸੇ ਕਰਕੇ ਕਿ ਨਵਿਆਉਣਯੋਗ ਸ੍ਰੋਤ ਕਹਿੰਦੇ ਨੇ ਉਨ੍ਹਾਂ ਨੂੰ , ਹੁੰਦੀ ਰਹਿੰਦੀ ਹੈ ਪੂਰਤੀ ਤੁਰਤ-ਫੁਰਤ ਜਿਨ੍ਹਾਂ ਦੀ ।ਪੌਣ ਊਰਜਾ, ਸੌਰ ਊਰਜਾ , ਸਮੁੰਦਰੀ ਜਵਾਰਭਾਟੇ ਦੀ ਊਰਜਾ , ਫਸਲਾਂ, ਤੇ ਪਸ਼ੂਆਂ ਦੀ ਊਰਜਾ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਹੁਣ ਤਾਂ ਧਰਤੀ ਕੁਰਲਾ ਰਹੀ ਹੈ ਇਸ ਪਰਿਆਵਰਣੀ ਵਿਗਾੜ ਦੇ ਦਬਾਅ ਹੇਠ ! ਲੋੜ ਹੈ ਤੁਰੰਤ ਬਚਾਓ ਕਰਨ ਦੀ ।

**ਮਰਦ ਸੂਤਰਧਾਰ:** ਇਸ ਬਚਾਓ ਕਾਰਜਾਂ ਲਈ ਸਾਨੂੰ ਕਰਨਾ ਪਏਗਾ ਪ੍ਰਾਪਤ ਗਿਆਨ , ਦੇਣਾ ਪਵੇਗਾ ਸਮਾਜਕ ਮੁਦਿਆਂ ਤੇ ਧਿਆਨ !

**ਔਰਤ ਸੂਤਰਧਾਰ:** ਹੈਂ !ਇਹ ਵੀ ਤਾਂ ਸੁਣਿਆ ਸੀ ਕਿ ਆਰਥਕ ਪ੍ਰਾਵਾਧਾਨ ਵੀ ਵੇਖਣੇ ਪੈਣੇ ਨੇ ਤੇ ਪਰਿਆਵਰਣ ਦਾ ਵੀ ਕਰਨਾ ਪੈਣਾ ਹੈ ਸਨਮਾਨ !

**ਮਰਦ ਸੂਤਰਧਾਰ:** ਹਾਂ ਜੀ ! ਅਸੀਂ ਤਾਂ ਸੁਣੀ ਸੀ ਕਹਾਣੀ ਟਿਕਊ ਵਿਕਾਸ ਦੇ ਤਿੰਨ ਥੰਮ੍ਹਾਂ ਵਾਲੀ ਇਸ ਤਿਪਾਈ ਦੀ ! ਕਰਨ ਦੀ ਲੋੜ ਹੈ ਜਿਸ ਦਾ ਸਨਮਾਨ ਤੇ ਮੰਗਦੇ ਨੇ ਜਿਹੜੇ ਧਿਆਨ !

**ਔਰਤ ਸੂਤਰਧਾਰ:** ਤੇ ਧਿਆਨ ਵੀ ਤਿੰਨੇ ਮੰਗਦੇ ਨੇ ਇੱਕ ਸਮਾਨ !

**ਮਰਦ ਸੂਤਰਧਾਰ:** ਅਮੀਰ ਮੁਲਕਾਂ ਦੀ ਸੋਚ ਵੱਖਰੀ ! ਆਪੋ ਆਪਣੇ ਪੱਧਰ ਤੇ ਵੱਧ ਤੋਂ ਵੱਧ ਸ੍ਰੋਤਾਂ ਦੀ ਵਰਤੋਂ !

ਸਵੀਡਨ ਦੇ ਓਡਲਫ ਪਾਮੇ ਦੇ ਨਾਲ ਸਾਡੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਨੇ 1972 ਵਿੱਚ ਟਿਕਾਊ ਵਿਕਾਸ ਦੇ ਅੰਤਰ ਰਾਸਟਰੀ ਸੰਮੇਲਨ ਵਿੱਚ ਭਾਗ ਲੈਕੇ ਮੋਢੀ ਬਣਾਇਆ ਸਾਨੂੰ ਟਿਕਾਊ ਵਿਕਾਸ ਮੁਹਿੰਮ ਦਾ ।

**ਔਰਤ ਸੂਤਰਧਾਰ:** ਇਸ ਅੰਤਰ ਰਾਸਟਰੀ ਸੰਮੇਲਨ ਵਿੱਚ ਹੀ ਫੈਸਲਾ ਹੋਇਆ ਜੈਵਿਕ ਵੰਨ – ਸੁਵੰਨਤਾ ਨੂੰ ਬਚਾਉਣ ਵਾਸਤੇ ਸੰਮੇਲਨ ਕਰਨ ਦਾ !

**ਮਰਦ ਸੂਤਰਧਾਰ:** ਟਿਕਾਊ ਵਿਕਾਸ ਦੇ ਟੀਚੇ ਮਿਥੇ ਗਏ ਹਨ , ਪੂਰਤੀ ਵੱਲ ਕਦਮ ਅਗਰਸਰ ਹਨ !

**ਔਰਤ ਸੂਤਰਧਾਰ:** ਸੰਭਵ ਹੈ ਟਿਕਾਊ ਵਿਕਾਸ ਸਾਰਿਆਂ ਲਈ ਮੁਢਲੀਆਂ ਲੋੜਾਂ ਦੀ ਪੂਰਤੀ ਦੇ ਨਾਲ ਹੀ ।

**ਮਰਦ ਸੂਤਰਧਾਰ:** ਇਸ ਕੰਮ ਵਾਸਤੇ ਵੀ ਜਾਗਰੂਕਤਾ ਮੁਹਿੰ ਦੀ ਹੈ ਲੋੜ ਕਿ ਸੱਭ ਦੀਆਂ ਲੋੜਾਂ ਦੀ ਪੂਰਤੀ ਵੱਲ ਕਦਮ ਚੁੱਕਣ ਤੋਂ ਬਗੈਰ ਸਾਰੇ ਸ਼ਾਮਲ ਨਹੀਂ ਹੋ ਸਕਦੇ ਤੇ ਸਾਰਿਆਂ ਦੀ ਸਮੂਹਿਕ ਤੇ ਸਰਗਰਮ ਸ਼ਮੂਲੀਅਤ ਤੋਂ ਬਿਨਾ ਸੰਭਵ ਨਹੀਂ ਟਿਕਾਊ ਵਿਕਾਸ ।

**ਦ੍ਰਿਸ਼ ਬਦਲਾਅ**

…………**ਦ੍ਰਿਸ਼ ਬਦਲਾਅ ਸੰਗੀਤ** …………

**ਦ੍ਰਿਸ਼ –3**

**ਔਰਤ ਸੂਤਰਧਾਰ:** ਆ ਫਿਰ ਮੁੜ ਚੱਲੀਏ ਵਿੱਚ ਅਸੀਂ ਸੁਣਾਈ ਸੀ ਕਹਾਣੀ ਕਿਵੇਂ ਵੱਧ ਰਿਹਾ ਹੈ ਪ੍ਰਦੂਸ਼ਣ ਸਾਡੀ ਅਜੋਕੀ ਜੀਵਣ ਪੱਧਤੀ ਨਾਲ , ਕਿਵੇਂ ਲੋੜ ਹੈ ਸਾਨੂੰ ਆਪਣੇ ਬੀਤੇ ਦੇ ਚੰਗੇ ਅਮਲਾਂ ਵੱਲ ਮੋੜਾ ਕੱਟਣ ਦੀ !

**ਮਰਦ ਸੂਤਰਧਾਰ:** ਅਸੀਂ ਚਰਚਾ ਕੀਤੀ ਸੀ ਦਿਵਾਲੀ ਵੇਲੇ ਦਿੱਲੀ ਵਰਗੇ ਮਹਾ–ਨਗਰ ਵਿੱਚ ਹੋ ਰਹੇ ਬੇਥਾਹ ਪ੍ਰਦੂਸ਼ਣ ਦੀ ! ਗੱਲ ਕੀਤੀ ਸੀ ਉਸ ਤੋਂ ਬਚਣ ਦੇ ਉਪਾਅ ਦੀ ! ਬਚਾਅ ਪਾਇਆ ਗਿਆ ਸੀ ਟਿਕਾਊ ਵਿਕਾਸ ਦਾ ਗਾਡੀ ਰਾਹੀ ਬਣਨ ਵਿੱਚ ।

ਮਾਹਰਾਂ ਨੇ ਸਾਨੂੰ ਦੱਸਿਆ ਸੀ ਕਿ ਟਿਕਾਊ ਵਿਕਾਸ, ਵਿਕਾਸ ਦੇ ਅਜਿਹੇ ਮਾਡਲ ਦੀ ਪਗਡੰਡੀ ਹੈ , ਜਿਸ ਤੇ ਚੱਲ ਕੇ ਅਸੀਂ ਕੁਦਰਤ ਨੂੰ ਤਬਾਹੀ ਤੋਂ ਬਚਾਉਂਦੇ ਹੋਏ ਕੁਦਰਤ ਅਤੇ ਵਾਤਾਵਰਣ ਨੂੰ ਬਿਨਾਂ ਨੁਕਸਾਨ ਪਹੁੰਚਾਏ ਵਿਕਾਸ ਦੇ ਮਾਰਗ 'ਤੇ ਅੱਗੇ ਵਧਦੇ ਹੋਏ ਮਨੁਖੀ ਤੇ ਹੋਰ ਜੀਵ ਜੰਤੂਆਂ ਦੇ ਸਮੇਤ ਬੇਜਾਨ ਵਸਤਾਂ ਦੀਆਂ ਲੋੜਾਂ ਵੀ ਪੂਰਾ ਕਰਦੇ ਰਹਿੰਦੇ ਹਾਂ ।

**ਔਰਤ ਸੂਤਰਧਾਰ:** ਆਹੋ ਜੀ ! ਵਿਕਾਸ ਦੇ ਇਸ ਰਸਤੇ ‘ਤੇ ਚਲਦੇ ਹੋਏ ਅਸੀਂ ਕੁਦਰਤ ਕੋਲੋਂ ਉਨਾਂ ਕੁ ਹੀ ਲੈਂਦੇ ਹਾਂ ਜਿੰਨੇ ਕੁ ਦੀ ਸਾਨੂੰ ਲੋੜ ਹੁੰਦੀ ਹੈ ! **ਇਤਿਹਾਸ ਦੇ ਮਾਹਰਾਂ ਨੇ ਸਾਨੂੰ ਸੁਣਾਇਆ ਸੀ ਹਾਲ ਇਸ ਧਰਤੀ ਤੇ ਮਨੁੱਖ ਦੇ ਵਿਕਾਸ ਦਾ ਹਾਲ !** ਦੱਸਿਆ ਸੀ ਕਿ ਜਦ ਅਸੀਂ ਇਸ ਧਰਤੀ ਤੇ ਮਨੁੱਖ ਦੇ ਆਗਾਜ਼ ਤੇ ਵਿਕਾਸ ਨੂੰ ਵੇਖਦੇ ਹਾਂ ਤਾਂ ਅਸੀਂ ਸਮਝ ਸਕਦੇ ਹਾਂ ਕਿ ਮਨੁੱਖ ਆਰੰਭ ਤੋਂ ਹੀ ਕੁਦਰਤ 'ਤੇ ਨਿਰਭਰ ਰਿਹਾ ਹੈ। ਜੰਗਲਾਂ ਵਿਚ ਰਹਿਣਾ, ਜੰਗਲੀ ਕੰਦ-ਮੂਲ ਖਾਣਾ ਉਸ ਨੇ ਆਰੰਭ ਤੋਂ ਸਿਖ ਲਿਆ ਸੀ। ਉਹ ਕੁਦਰਤ ਤੋਂ ਕੇਵਲ ਆਪਣੀ ਲੋੜ ਅਨੁਸਾਰ ਹੀ ਲੈਂਦਾ ਸੀ ।

**ਔਰਤ ਸੂਤਰਧਾਰ:** ਭਾਵੇਂ ਆਦਿ ਮਨੁੱਖ ਨੇ ਅਗਿਆਨਤਾ ਦੇ ਹਨੇਰੇ ਵਿਚ ਅੰਧਵਿਸ਼ਵਾਸ਼ਾਂ ਨੂੰ ਮਨ ਵਿਚ ਵਸਾ ਲਿਆ

ਸੀ ਪਰ ਉਸਦੀ ਕੁਦਰਤ ਪ੍ਰਤੀ ਤੇ ਉਸਦੇ ਭਿੰਨ-ਭਿੰਨ ਭਾਗਾਂ ਪ੍ਰਤੀ ਸਮਝ ਸੁਰੱਖਿਆ ਵਾਲੀ ਹੀ ਰਹੀ ਸੀ। **ਭੂ-ਵਿਗਿਆਨੀ ਨੇ ਸਾਨੂੰ ਸਮਝਾਇਆ ਸੀ ਕਿ** ਸਾਨੂੰ ਇਹ ਗੱਲ ਮਨ ਵਿੱਚ ਬਿਠਾਉਣ ਦੀ ਲੋੜ ਹੈ ਕਿ ਇਹ ਧਰਤੀ ਇਕ ਜਿਉਂਦੀ-ਜਾਗਦੀ ਪ੍ਰਣਾਲੀ ਹੈ। ਸਾਡੀ ਲੋੜ ਹੈ ਕਿ ਇਸ ਨਾਲ ਪਿਆਰ ਅਤੇ ਮਧੁਰਤਾ ਦਾ ਸਬੰਧ ਰੱਖੀਏ ।ਸਾਡੇ ਦੇਸ਼ ਵਿਚ ਤਾਂ ਸਦੀਆਂ ਤੋਂ ਧਰਤੀ, ਮਿੱਟੀ ਤੇ ਪਿੰਡ, ਮਨੁੱਖੀ ਮਨ ਵਿਚ, ਚੇਤਨ ਰੂਪ ਵਿਚ ਵੱਸਦੇ ਰਹੇ ਹਨ । ਇਸੇ ਕਰਕੇ ਤਾਂ ਇੱਥੇ ਨੈਤਿਕਤਾ ਵਿਕਸਿਤ ਹੋਈ ! ਇਨਸਾਨ ਨੇ ਧਰਤੀ ਨੂੰ ਮਾਂ ਦੇ ਰੂਪ ਵਿਚ ਪੂਜਿਆ ਹੈ ਤੇ ਉਹ ਇਸਦੇ ਪ੍ਰਤੀ ਸ਼ਰਧਾ ਨਾਲ ਲਬਰੇਜ ਰਿਹਾ ਹੈ ।

**ਮਰਦ ਸੂਤਰਧਾਰ:** ਉਸ ਵਕਤ ਤਾਂ ਮਨੁੱਖ ਹੋਰ ਜੀਵਾਂ ਦੇ ਨਾਲ ਰਲ ਕੇ ਰਹਿੰਦਾ ਸੀ। ਸਾਰਿਆਂ ਜੀਵਾਂ ਪ੍ਰਤੀ ਦਿਆ ਅਤੇ ਸ਼ਰਧਾ ਦਾ ਭਾਵ ਸੀ ! ਅਜਿਹੇ ਸੰਬੰਧਾਂ 'ਤੇ ਹੀ ਇਕ ਪ੍ਰਸਥਿਤਿਕ ਤੰਤਰ ਦਾ ਨਿਰਮਾਣ ਹੋਇਆ, ਜਿਸ ਵਿਚ ਕੁਦਰਤੀ ਸਾਧਨਾਂ ਦੀ ਰੱਖਿਆ ਵੀ ਸੀ ਤੇ ਵਾਤਾਵਰਣ ਵੀ ਸੁਰੱਖਿਅਤ ਰਹਿੰਦਾ ਸੀ **ਸੈਰ-ਸਪਾਟਾ ਮਾਹਰਾਂ ਦੇ ਵਿਚਾਰ ਸਨ ਕਿ** ਸਾਡੇ ਕਵੀਆਂ ਨੇ ਲਿਖਾਰੀਆਂ ਨੇ ਤੇ ਚਿਤਰਕਾਰਾਂ ਨੇ ਕੁਦਰਤ ਦੀ ਅਹਿਮੀਅਤ ਨੂੰ ਸਮਝਦੇ ਹੋਏ ਕਲਾ ਕਿਰਤੀਆਂ ਬਣਾਈਆਂ ਨੇ, ਮਹਾਨ ਕਵੀ ਕਾਲੀ ਦਾਸ ਜੀ ਵੱਲੋਂ ਮੇਘਦੂਤ ਵਿੱਚ ਬੱਦਲਾਂ ਦਾ ਬਾਖੂਬੀ ਚਿਤਰਣ ਕੀਤਾ ਹੈ, ਮੱਧ ਪ੍ਰਦੇਸ ਵਿੱਚ ਭੀਮ ਬੇਟਕਾ ਵਿਖੇ ਇਨਸਾਨਾਂ ਦੇ ਨਾਲ ਨਾਲ ਜਾਨਵਰਾਂ ਦੇ ਖੂਬਸੂਰਤ ਚਿਤਰ ਹਨ। ਦੇਸ ਦੇ ਵੱਖ ਵੱਖ ਭਾਗਾਂ ਵਿੱਚ ਵਣਾਂ ਨੂੰ ਦੇਵ ਵਣ ਦੇ ਖਿਤਾਬ ਨਾਲ ਨਿਵਾਜਿਆ ਹੈ । ਸ਼ਿਵਾਜੀ ਨੇ ਵਣ ਜੀਵਾਂ ਤੇ ਜੰਗਲਾਂ ਨੂੰ ਨੁਕਸਾਨ ਪਹੁੰਚਾਉਣ ਤੇ ਲਗਾਈ ਸੀ ਰੋਕ ।ਖੇਜੜਲੀ ਵਿੱਚ ਆਮ ਲੋਕਾਂ ਨੇ ਰੁੱਖਾਂ ਨੂੰ ਕੱਟਣ ਤੋਂ ਬਚਾਇਆ ਸੀ ।

**ਔਰਤ ਸੂਤਰਧਾਰ:** ਸਮਰਾਟ ਅਸ਼ੋਕ ਨੇ ਕਿਹਾ ਜੰਗਲੀ ਜੀਵਾਂ ਅਤੇ ਜੰਗਲਾਂ ਦੇ ਰੁੱਖਾਂ ਦੀ ਰੱਖਿਆ ਰਾਜੇ ਦਾ ਫਰਜ਼ ਹੈ ਰੁੱਖਾਂ ਦੇ ਵਿਨਾਸ਼ ਅਤੇ ਜਾਨਵਰਾਂ ਦੀਆਂ ਭਿੰਨ-ਭਿੰਨ ਪ੍ਰਜਾਤੀਆਂ ਦੀ ਹੱਤਿਆ 'ਤੇ ਰੋਕ ਲਗਾਉਣ ਦਾ ਤੇ ਜੈਵਿਕ ਵੰਨ ਸੁਵੰਨਤਾ ਦੀ ਰਾਖੀ ਦਾ ਇਹ ਇਤਿਹਾਸਕ ਸਬੂਤ ਹੈ।

**ਮਰਦ ਸੂਤਰਧਾਰ:** ਚੰਡੀ ਪ੍ਰਸਾਦ ਭੱਟ ਅਤੇ ਸੁੰਦਰ ਲਾਲ ਬਹੁਗੁਣਾ ਨੇ ਜਲ, ਜ਼ਮੀਨ ਤੇ ਜੰਗਲ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਅੰਦੋਲਨ ਚਲਾਏ ਹਨ । 'ਜਲ ਜ਼ਮੀਨ ਤੇ ਜੰਗਲ ਨੇ , ਤਾਂ ਹੀ ਥਾਂ ਇਸ ਧਰਤੀ ਤੇ ਮੰਗਲ ਨੇ !'

**ਔਰਤ ਸੂਤਰਧਾਰ:** ਪਰਿਆਵਰਣ ਦੀ ਸੁਰੱਖਿਆ ਕਰਕੇ ਟਿਕਾਊ ਵਿਕਾਸ ਦੇ ਤੌਰ ਤਰੀਕੇ ਲਾਗੂ ਕਰਨ ਵਾਸਤੇ ਸਾਨੂੰ ਆਪਣੇ ਬੀਤੇ ਤੋਂ ਵੀ ਸਿੱਖਣ ਦੀ ਲੋੜ ਹੈ ।

**ਮਰਦ ਸੂਤਰਧਾਰ:** ਕੁੱਝ ਕਦਮ ਪਿੱਛੇ ਵਿੱਚ ਅਸੀਂ ਸੁਣੀ ਸੀ ਕਹਾਣੀ ਕਿ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਬਿਨਾ ਨੁਕਸਾਨ ਪਹੁੰਚਾਏ, ਆਪਣੇ ਚੁਗਿਰਦੇ ਦਾ ਤੇ ਕੁਦਰਤ ਦਾ ਸੰਤੁਲਨ ਕਾਇਮ ਰੱਖ ਕੇ ਅਸੀਂ ਆਪਣੀਆਂ ਲੋੜਾਂ ਦੀ ਪੂਰਤੀ ਕਰ ਸਕਦੇ ਹਾਂ ।

**ਔਰਤ ਸੂਤਰਧਾਰ:** ਸਾਡੇ ਵਿਕਾਸ ਦੇ ਮੌਜੂਦਾ ਮਾਡਲ ਵਿੱਚ ਕੁਦਰਤ ਦੇ ਸੰਤੁਲਨ ਦਾ ਤੇ ਇਸਦੇ ਸੀਮਤ ਸ੍ਰੋਤਾਂ ਦਾ , ਉਨ੍ਹਾਂ ਦੀ ਮੁੜ ਭਰਾਈ ਦਾ ਧਿਆਨ ਰੱਖੇ ਬਿਨਾ , ਕੁਦਰਤ ਦਾ ਦੋਹਨ ਹੋਣ ਕਰਕੇ ਪਰਿਆਵਰਣ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ ।

**ਮਰਦ ਸੂਤਰਧਾਰ:** ਆਹੋ ! ਇਹੀ ਤਾਂ ਕਾਰਨ ਹੈ ਕਿ ਕਈ ਇਸ ਆਧੁਨਿਕ ਵਿਕਾਸ ਨੂੰ ਵਿਕਾਸ ਨਹੀਂ ਸਗੋਂ ਵਿਨਾਸ ਕਹਿੰਦੇ ਨੇ । ਹੁਣ ਤਾਂ ਇਹ ਵੀ ਸਾਹਮਣੇ ਆ ਗਿਆ ਕਿ ਬਿਨਾ ਪੂਰੀ ਖੋਜ ਦੇ ਤੇ ਬਿਨਾ ਸਾਰੇ ਪੱਖਾਂ ਦਾ

ਜਾਇਜਾ ਲਏ ਜਦ ਅਸੀਂ ਅੰਨ੍ਹੇ ਵਾਹ ਵਿਗਿਆਨ ਦੀ ਵਰਤੋਂ ਸੁਰੂ ਕਰ ਦਿੰਦੇ ਹਾਂ ਤਾਂ ਅਸੀਂ ਰਸਾਤਲ ਵੱਲ ਹੀ ਧੱਕੇ ਜਾਂਦੇ ਹਾਂ ।

**ਔਰਤ ਸੂਤਰਧਾਰ:** ਆਹੋ ਜੀ ! ਅਸੀਂ ਵੇਖ ਹੀ ਲਿਆ ਹੈ ਕਿ ਕਿਵੇਂ ਅਧੂਰੀਆਂ ਤੇ ਕੱਚ ਘਰੜ ਲੱਭਤਾਂ ਤੇ ਅਮਲ ਕਰਕੇ ਅਸੀਂ ਦੁੱਖ ਭੋਗ ਰਹੇ ਹਾਂ । ਬਿਨਾ ਸੋਚੇ ਸਮਝੇ ਸਫੈਦੇ ਲਾ ਲਾ ਕੇ ਅਸੀਂ ਪੰਜਾਬ ਦੀ ਧਰਤੀ ਦਾ ਪਾਣੀ ਖਤਮ ਕਰ ਦਿੱਤਾ । ਟਿਬੇ ਢਾਹ ਕੇ ਝੋਨਾ ਲਾ ਲਾ ਕੇ , ਹਰੇ ਇਨਕਲਾਬ ਦੇ ਜੋਸ਼ ਵਿੱਚ ਬੇਥਾਹ ਰਸਾਇਣਿਕ ਖਾਦਾਂ ਤੇ ਕੀਟ ਨਾਸ਼ਕਾਂ ਜਾਂ ਨਦੀਨ ਨਾਸ਼ਕਾਂ ਦੀ ਵਰਤੋਂ ਕਰਕੇ ਅਸੀਂ ਅਪਣੀ ਜ਼ਮੀਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ ।

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਅਸੀਂ ਹੁਣ ਪਿਛੇ ਵੱਲ ਝਾਤ ਮਾਰ ਕੇ ਕੁਦਰਤ ਨਾਲ ਸੰਤੁਲਣ ਵਾਲੀ ਖੇਤੀ , ਕੁਦਰਤੀ ਕੀਟ ਪ੍ਰਬੰਧਨ ਵੱਲ ਨੂੰ ਮੋੜਾ ਕੱਟਣ ਦੀ ਗੱਲ ਕਰ ਰਹੇ ਹਾਂ ।

**ਔਰਤ ਸੂਤਰਧਾਰ:** ਅਸੀਂ ਇਸ ਧਰਤੀ ਨੂੰ ਤਾਂ ਬਰਬਾਦ ਕਰਨੋ ਹੱਟ ਨਹੀਂ ਰਹੇ , ਪਰ ਵਿਗਿਆਨ ਦੇ ਸਹਾਰੇ ਇਸ ਸੰਕਟ ਦਾ ਹੱਲ ਮੰਗਲ ਗ੍ਰਹਿ ਤੇ ਬਸਤੀਆਂ ਵਸਾ ਕੇ ਕਰਨਾ ਚਾਹੁੰਦੇ ਹਾਂ !

**ਮਰਦ ਸੂਤਰਧਾਰ:** ਮੰਗਲ ਗ੍ਰਹਿ ਤੇ ਬਸਤੀਆਂ ਵਸਾਉਣ ਦੀ ਖੋਜ ਕਰਦੇ ਰਹੀਏ , ਪਰ ਇਸ ਧਰਤੀ ਨੂੰ ਵੀ ਤਾਂ ਕੁਦਰਤ ਨਾਲ ਇਕਸੁਰਤਾ ਕਰਕੇ ਬਚਾਉਣਾ ਜਰੂਰੀ ਹੈ । ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ ਤਾਂ ਨਾ ਕਰੀਏ ਘੱਟੋ ਘੱਟ !

**ਔਰਤ ਸੂਤਰਧਾਰ:** ਦਰਅਸਲ ਇੱਕ ਵਿਗਿਆਨਕ ਤੱਥ ਜੋ ਸਾਡੇ ਬ੍ਰਿਤਾਂਤ ਵਿੱਚ ਆਇਆ ਸੀ ਉਹ ਇਹ ਸੀ ਕਿ ਇਸ ਬ੍ਰਹਿਮੰਡ ਵਿੱਚ ਊਰਜਾ ਤੇ ਪਦਾਰਥ ਦਾ ਆਪਸੀ ਵਟਾਂਦਰਾ ਹਰ ਵਕਤ ਬਿਨਾ ਰੋਕ ਟੋਕ ਦੇ ਚਲਦਾ ਰਹਿੰਦਾ ਹੈ। ਇਹ ਸਹਿਜ ਵਟਾਂਦਰਾ ਹੀ ਇਸ ਦੇ ਸੰਤੁਲਨ ਨੂੰ ਬਚਾ ਕੇ ਰੱਖਦਾ ਹੈ ।

**ਮਰਦ ਸੂਤਰਧਾਰ:** ਪਰ ਜੇਕਰ ਅਸੀਂ ਇਸ ਵਟਾਂਦਰੇ ਦੇ ਚੰਦ ਕੁ ਨਿਯਮਾਂ ਨੂੰ ਖੋਜ ਕੇ ਕਿਸੇ ਇੱਕ ਘਟਕ ਤੋਂ ਦੂਜੇ ਘੱਟਕ ਵੱਲ ਨੂੰ ਵਟਾਂਦਰੇ ਦੀ ਗਤੀ ਤੇਜ ਕਰ ਦੇਈਏ , ਤਾਂ ਸਮੁੱਚੇ ਵਟਾਂਦਰੇ ਦੇ ਚੱਕਰ ਵਿੱਚ ਖਲਲ ਪੈ ਜਾਵੇਗੀ ਤੇ ਕੁਦਰਤ ਦੇ ਚੱਕਰ ਦਾ , ਪਾਣੀ ਦੇ ਚੱਕਰ ਦਾ, ਕਾਰਬਨ ਦੇ ਚੱਕਰ ਦਾ , ਨਾਈਟਰੋਜਨ ਦੇ ਚੱਕਰ ਦਾ , ਸਜੀਵ ਤੇ ਨਿਰਜੀਵ ਪਦਾਰਥ ਦੇ ਚੱਕਰ ਦਾ , ਬਨਸਪਤੀ ਤੇ ਜਾਨਵਰਾਂ ਦੇ ਚੱਕਰ ਦਾ , ਭਿੰਨ ਭਿੰਨ ਪ੍ਰਜਾਤੀਆਂ ਦੇ ਚੱਕਰ ਦਾ ਕੁਦਰਤੀ ਸੰਤੁਲਨ ਚਰਮਰਾ ਜਾਵੇਗਾ ।

**ਔਰਤ ਸੂਤਰਧਾਰ:** ਬੱਸ ਫਿਰ ਤਾਂ ਪ੍ਰਲੋ ਹੀ ਇਕ ਵਰਤਾਰਾ ਰਹਿ ਜਾਵੇਗਾ ।ਪੰਜਾਬ ਵਿੱਚ ਖੇਤੀ ਦੇ ਖੇਤਰ ਵਿੱਚ , ਸਿਹਤ ਦੇ ਖੇਤਰ ਵਿੱਚ , ਪਾਣੀ ਦੇ ਮਾਮਲੇ ਦੇ ਵਿੱਚ , ਜ਼ਮੀਨ ਦੇ ਮਾਮਲੇ ਦੇ ਵਿੱਚ, ਕੁਦਰਤੀ ਵੰਨ- ਸੁਵੰਨਤਾ ਦੇ ਮਾਮਲੇ ਦੇ ਵਿੱਚ, ਇਹੋ ਤਾਂ ਹੋਈ ਹੈ ਕਹਿਰ ਕਾਫਰੀ !

**ਮਰਦ ਸੂਤਰਧਾਰ:** ਇਸ ਹੰਕਾਰ ਵਿੱਚ ਅਸੀ ਕੂੜ , ਫਰੇਬ ਤੇ ਦੰਭ ਦਾ ਜੀਵਣ ਜਿਉਣ ਲੱਗ ਗਏ ਹਾਂ ਤੇ ਵਿਗਿਆਨ ਨੂੰ ਵੀ ਇਨ੍ਹਾਂ ਗਲਤ ਉਦੇਸਾਂ ਵਾਸਤੇ ਵਰਤਨ ਤੋਂ ਗੁਰੇਜ ਨਹੀਂ ਕਰਦੇ । ਅਧੀ ਅਧੂਰੀ ਜਾਣਕਾਰੀ ਨਾਲ , ਅਧੂਰੀ ਖੋਜ ਰਾਹੀਂ , ਆਪਣੇ ਲਾਲਚ ਤੇ ਦੰਭ ਵਿੱਚ ਅਸੀਂ ਵਿਗਿਆਨ ਦੀ ਵੀ ਦੁਰਵਰਤੋਂ ਕਰ ਰਹੇ ਹਾਂ ।ਟਿਕਾਊ ਵਿਕਾਸ ਦੀ ਪਗਡੰਡੀ ਉਪਰ ਇਹ ਵਤੀਰਾ ਬਣ ਜਾਂਦਾ ਹੈ ਇੱਕ ਤਿੱਖਾ ਕੰਡਾ !

**ਔਰਤ ਸੂਤਰਧਾਰ:** ਹਾਂ ਜੀ ਸਾਡੀ ਜਿਸ ਸਿੱਖਿਆ ਨੇ ਸਾਨੂੰ ਵਿਵੇਕੀ, ਤਰਕਸ਼ੀਲ ਤੇ ਵਿਗਿਆਨਕ ਸੋਚ ਦਾ ਧਾਰਨੀ ਬਣਾਉਣਾ ਸੀ , ਉਹ ਤਾਂ ਸਿਖਿਆ ਹੀ ਗਾਇਬ ਕਰ ਦਿੱਤੀ ਹੈ , ਨਤੀਜਾ ਸਾਡੇ ਸਹਮਣੇ ਹੈ ਜੀਵਣ ਦੇ ਹਰ ਖੇਤਰ ਦੇ ਸੰਕਟ ਦੇ ਰੂਪ ਵਿੱਚ !

**ਮਰਦ ਸੂਤਰਧਾਰ:** ਹਾਂ ਜੀ ! ਸਮਾਜਕ , ਆਰਥਕ , ਤੇ ਪਰਿਆਵਰਣੀ ਸੰਕਟ !

**ਔਰਤ ਸੂਤਰਧਾਰ:** ਇਸੇ ਕਰਕੇ ਤਾਂ ਹੁਣ ਇਹ ਤਿੰਨੇ ਕਾਰਕ ਮੰਨੇ ਗਏ ਨੇ 'ਤਿੰਨ ਥੰਮ੍ਹ , ਟਿਕਾਊ ਵਿਕਾਸ ਦੇ !'

**ਮਰਦ ਸੂਤਰਧਾਰ:** ਸਾਨੂੰ ਸਰਬੱਤ ਦੇ ਭਲੇ ਵਾਸਤੇ, ਪ੍ਰਲੋ ਨੂੰ ਰੋਕਨ ਦੇ ਲਈ ਕੁਦਰਤ ਨਾਲ ਇਕਸੁਰਤਾ ਵਾਲੀ ਜੀਵਣ ਸ਼ੈਲੀ ਵੱਲ ਮੋੜਾ ਕੱਟਣਾ ਪਵੇਗਾ ਹੀ ! ਇੱਕ ਇੱਕ ਨਵੀਂ ਪੁਲਾਂਘ ਹੋਵੇਗੀ ਨਾ ਕਿ ਪਿਛਾਖੜੀ ਮੋੜਾ ।

**ਔਰਤ ਸੂਤਰਧਾਰ:** ਉਮੀਦ ਦੀ ਕਿਰਨ ਵਿੱਚ ਅਸੀਂ ਸੁਣੀ ਸੀ ਕਹਾਣੀ , ਕੋਈ ਸਾਢੇ ਛੇ ਕਰੋੜ ਸਾਲ ਪਹਿਲਾਂ ਡਾਇਨਾਸੋਰਾਂ ਦੇ ਲੁਪਤ ਹੋਣ ਦੀ ! ਕਿਸੇ ਨੂੰ ਨਹੀਂ ਪਤਾ ਸਹੀ ਕਾਰਨ , ਰਹਿ ਗਏ ਨੇ ਕੇਵਲ ਅਮਦਾ ਜ਼ੇ ਹੀ ! ਬੱਸ ਅਸੀਂ ਕੇਰ ਰਹੇ ਹਾਂ ਅੱਥਰੂ ਜਾਂ ਕਰ ਰਹੇ ਹਾਂ ਗਰਬ ਆਪਣੀ ਅੱਧੀ ਅਦੂਰੀ ਜਾਣਕਾਰੀ ਤੇ ।

**ਮਰਦ ਸੂਤਰਧਾਰ:** ਡਾਇਨਾਸੋਰਾਂ ਦੇ ਥੇਹਾਂ ਦੀ ਜਿਥੋਂ ਉਨ੍ਹਾਂ ਦੇ ਅਵਸ਼ੇਸ਼ ਮਿਲੇ ਹਨ ਤਾਂ ਉਹੀ ਗੱਲ ਹੈ , **"ਰਹਿ ਗਈ ਇੱਕ ਨਿੱਕੀ ਜਿਹੀ ਢੇਰੀ , ਨਾ ਉਹ ਤੇਰੀ , ਨਾ ਉਹ ਮੇਰੀ , ਜਿੱਥੇ ਆਉਂਦਾ ਜਾਂਦਾ ਰਾਹੀ , ਇੱਕ ਦੋ ਹੰਝੂ ਡੋਲੇ !"**

**ਔਰਤ ਸੂਤਰਧਾਰ:** ਹਾਂ ! ਹੁਣ ਵੀ ਜੇ ਅਸੀਂ ਆਪਣੇ ਇਸ ਕੁਦਰਤੀ ਕੋਸ਼ ਵਿੱਚੋਂ ਕੁਦਰਤੀ ਦਾਤਾਂ ਦੇ ਭੰਡਾਰ ਨੂੰ ਲਗਾਤਾਰ ਤੇਜੀ ਨਾਲ ਕੱਢੇ ਜਾਵਾਂਗੇ ਤੇ ਮੁੜ ਭਰਾਈ ਲਈ ਵਕਤ ਨਹੀਂ ਦੇਵਾਂਗੇ ਤਾਂ ਫਿਰ ਇਹ ਕੋਸ਼ ਖਾਲੀ ਹੋਣਾ ਲਜ਼ਮੀ ਹੈ ਤੇ ਮੁੜ ਅਸੀਂ ਕਿਸੇ ਵੀ ਚਸਤੂ ਲਈ ਹੋ ਜਾਵਾਂ ਗੇ ਆਤੁਰ !

**ਮਰਦ ਸੂਤਰਧਾਰ:** ਹੁਣ ਤਾਂ ਅਸੀਂ ਯਤਨ ਆਰੰਭ ਕਰ ਦਿੱਤੇ ਨੇ ਕੁਦਰਤੀ ਗਿਆਨ ਨਾਲ ਵੰਸਾਵਲੀ ਦੀਆਂ ਲੱਭਤਾਂ ਨੂੰ ਜੋੜ ਕੇ 2030 ਤੱਕ ਦੇ ਟਿਕਾਊ ਵਿਕਾਸ ਦੇ ਟੀਚੇ ਪਰਾਪਤ ਕਰਨ ਦੇ !

**ਔਰਤ ਸੂਤਰਧਾਰ:** ਵਿਕਾਸ ਦੇ ਆਧੁਨਿਕ ਮਾਡਲ ਵਿੱਚ ਤਾਂ 1% ਕੋਲ 58% ਦੌਲਤ ਹੋ ਗਈ ਜੀ੍ਹ ਤੇ ਬਾਕੀ ਜਨ ਸਮੂਹਾਂ ਵਿੱਚੋਂ ਬਹੁ ਗਿਣਤੀ ਨੂੰ , ਵਿਸ਼ੇਸ਼ ਕਰਕੇ ਪੇਂਡੂ ਵਸੋਂ ਨੂੰ ਤੇ ਸ਼ਹਿਰੀ ਬਸਤੀਆਂ ਵਾਲਿਆਂ ਨੂੰ ਤਾਂ ਭੋਜਨ , ਕਪੜੇ ਘਰ, ਪਖਾਨੇ , ਸਿਹਤ ਸਹੂਲਤਾਂ ਤੇ ਸਿੱਖਿਆ ਉਪਲਬਧ ਹੀ ਨਹੀਂ ਰਹੇ !

**ਮਰਦ ਸੂਤਰਧਾਰ:** ਇਸ ਦਾਹੱਲ ਅਸੀਂ ਸਾਫ ਆਵਾਸ , ਪਖਾਨੇ , ਸਾਫ ਊਰਜਾ ਦੇ ਕੇ ਕਰਨ ਦੇ ਲਈ ਵਿਕਸਿਤ ਕਰ ਰਹੇ ਹਾਂ 100 ਸਮਾਰਟ ਸ਼ਹਿਰ !

**ਔਰਤ ਸੂਤਰਧਾਰ:** ਸਮਾਰਟ ਸ਼ਹਿਰ ! ਉਹ ਕਿਵੇਂ ਕਰਨਗੇ ਹੱਲ ਸਮੱਸਿਆ 150 ਕਰੋੜ ਆਬਾਦੀ ਦੀ ! ਕਈ ਮਾਹਰ ਸ਼ੰਕੇ ਕਰਕਦੇ ਨੇ , ਸ਼ਾਇਦ ਮਹਾਂਨਗਰ ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ ।

**ਮਰਦ ਸੂਤਰਧਾਰ:** ਸ਼ਾਇਦ ਸਾਨੂੰ ਵਿਕਾਸ ਦਾ ਇਹ ਬੇਲੋੜਾ ਖਪਤਕਾਰੀ ਤੇ ਫੋਕਟ ਪੈਦਾ ਕਰਕੇ ਸੁਟਣ ਵਾਲਾ ਮਾਡਲ ਹੀ ਬਦਲਣਾ ਪਵੇਗਾ

ਟਿਕਾਊ ਵਿਕਾਸ ਦੇ ਲਈ !

ਇਸ ਧਰਤ ਗ੍ਰਹਿ ਦੀ ਸਲਾਮਤੀ ਦੇ ਲਈ !

ਆਉਣ ਵਾਲੀਆਂ ਪੀੜ੍ਹੀਆਂ ਦਾ ਹਿੱਸਾ ਮਹਿਫੂਜ਼ ਰੱਖਕੇ ਕੇਵਲ ਆਪਣੇ ਹਿੱਸੇ ਨਾਲ ਗੁਣਵਤਾ ਭਰਪੂਰ ਜੀਵਣ ਜਿਉਣ ਦੇ ਲਈ !

ਆਉਣ ਵਾਲੀਆਂ ਪੀੜ੍ਹੀਆ ਦਾ ਧਿਆਨ ਰੱਖਦੇ ਹੋਏ !

ਕੁਦਰਤ ਨਾਲ ਇਕਸੁਰਤਾ ਦੇ ਲਈ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਟਿਕਾਊ ਵਿਕਾਸ ਦਾ ਕੀ ਭਾਵ ਹੈ ?
2. ਮਨੁੱਖੀ ਗਤੀਵਿਧੀਆਂ ਕਾਰਨ ਪਰਿਆਵਰਣ ਕਿਵੇਂ ਹੋ ਰਿਹਾ ਹੈ ਖਰਾਬ?
3. ਪੰਜਾਬ ਵਿੱਚ ਕਿਸ ਕਿਸਮ ਦਾ ਪ੍ਰਦੂਸ਼ਨ ਹੋ ਰਿਹਾ ਹੈ ਜਿਆਦਾ?
4. ਹਰੀ ਭਰੀ ਧਰਤੀ ਤੇ ਮਾਰੂਥਲ ਕਿਵੇਂ ਜਾਂਦੇ ਨੇ ਬਣ?
5. ਪੰਜਾਬ ਵਿੱਚ ਪਾਣੀ ਦਾ ਕੀ ਹੈ ਸੰਕਟ?
6. ਪਾਣੀ ਦੇ ਸੰਕਟ ਦਾ ਕੀ ਹੈ ਹੱਲ ?
7. ਨਵਿਆਉਣਯੋਗ ਊਰਜਾ ਕਹਿੰਦੇ ਨੇ ਕਿਸ ਨੂੰ ?
8. ਨਾ- ਨਵਿਆਉਣਯੋਗ ਊਰਜਾ ਸ੍ਰੋਤ ਕਿਹੜੇ ਹਨ ?
9. ਕੀ ਵਿਗਿਆਨ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ ?
10. ਸ਼ਾਂਤ ਝਰਨਾ ਦਾ ਸੰਦੇਸ਼ ਕੀ ਹੈ ?
11. ਪੰਜਾਬ ਦੇ ਪਰਿਆਵਰਣ ਦਾ ਸੱਭ ਤੋਂ ਵੱਧ ਨੁਕਸਾਨ ਕਿਸ ਗਤੀਵਿਧੀ ਨੇ ਕੀਤਾ ?
12. ਪੰਜਾਬ ਦੇ ਪਰਿਆਵਰਣ ਦੇ ਵਿਗਾੜ ਦਾ ਸਿਹਤ ਸਮੱਸਿਆਵਾਂ ਨਾਲ ਕੀ ਹੈ ਸੰਬੰਧ ?
13. ਪੰਜਾਬ ਦੀ ਬੇਰੁਜਗਾਰੀ ਦਾ ਕੀ ਸੰਬੰਧ ਹੈ ਟਿਕਾਊ ਵਿਕਾਸ ਨਾਲ?
14. ਟਿਕਾਊ ਵਿਕਾਸ ਕਿਵੇਂ ਘਟਾ ਸਕਦਾ ਹੈ ਕਿਸਾਨਾਂ ਤੇ ਮਜਦੂਰਾ ਦੀਆਂ ਖੁਦਕਸ਼ੀਆਂ ?
15. ਡਾ. ਵਾਲਟਰ ਲੌਡਰ ਮਿਲਕ ਕਿਸ ਅੰਦੋਲਨ ਨਾਲ ਜੁੜੇ ਸਨ?
16. ਪੁਰਾਤਨ ਰੋਮਨ ਲੋਕ ਪਾਣੀ ਦੀ ਸੰਭਾਲ ਕਿਵੇਂ ਕਰਦੇ ਸਨ ?
17. ਰੋਮਨ ਲੋਕਾਂ ਵਿੱਚ ਟਿਕਾਊ ਵਿਕਾਸ ਦੀ ਕਿਹੜੀ ਵਿਧੀ ਪ੍ਰਚੱਲਤ ਸੀ ?
18. ਤੀਲਾ ਕਰਾਂਤੀ ਨਾਮੀ ਕਿਤਾਬ ਕਿਸ ਮਾਮਲੇ ਬਾਬਤ ਹੈ ?
19. ਗੁਣ ਸੂਤਰ – ਬਦਲਾਅ ਫਸਲਾਂ ‘ਤੇ ਮੁੜ ਸੋਚਣ ਦੇ ਲਈ ਕਿਉਂ ਹੋਏ ਅਸੀਂ ਮਜਬੂਰ ?
20. ਆਧੁਨਿਕ ਸੰਨਅਤੀ ਵਿਕਾਸ ਦਾ ਕਿਵੇਂ ਬੱਝਿਆ ਮੱਢ ?
21. ਕੀ ਪਿਆ ਪ੍ਰਭਾਵ ਇਸ ਸੰਨਅਤੀ ਵਿਕਾਸ ਦਾ ਸਾਡੇ ਜਨ ਜੀਵਣ ਤੇ ਅਤੇ ਪਰਿਆਵਰਣ ਤੇ ?
22. ਕਿਹੋ ਜਿਹਾ ਕਰ ਦਿੰਦੇ ਹਾਂ ਅਸੀਂ ਫੋਕਟ ਪੈਦਾ ਅੱਜ ਦੇ ਵਰਤੋ ਤੇ ਸੁਟੋ ਸਭਿਆਚਾਰ ਵਿੱਚ ?
23. ਕਿੰਨੇ ਕੁ ਕੱਟ ਦਿੱਤੇ ਜੰਗਲ ਇਸ ਕੁਦਰਤ ਵਿਰੋਧੀ ਵਿਕਾਸ ਨੇ ?
24. ਕੌਣ ਸਨ ਉਹ ਮਹਾਨ ਸਮਾਜ ਸੇਵੀ ਜਿਨ੍ਹਾਂ ਨੇ ਰੋਕਿਆ ਵਣਾਂ ਨੂੰ ਕੱਟਣ ਤੋਂ ?
25. ਕੁਦਰਤ ਦੀਆਂ ਦਾਤਾਂ ਦੀ ਸੰਭਾਲ ਬਾਬਤ ਕੀ ਕੀ ਮਿਲਦੀਆਂ ਨੇ ਉਦਹਾਰਣਾ ਸਾਡੇ ਸਾਹਿਤ ਦੇ ਵਿੱਚ ?
26. ਸਮਰਾਟ ਅਸੋਕ ਨੇ ਕੀ ਕੀਤਾ ਕੁਦਰਤ ਦੀ ਸੰਭਾਲ ਦੇ ਬਾਬਤ ?
27. ਵਿਕਾਸ ਦੇ ਆਧੁਨਿਕ ਮਾਡਲ ਨੂੰ ਕਈ ਲੋਕ ਵਿਕਾਸ ਨਹੀਂ ਵਿਨਾਸ਼ ਦਾ ਨਾਮ ਦਿੰਦੇ ਨੇ ਕਿਉਂ ?

28. ਬ੍ਰਹਿਮੰਡ ਵਿੱਚ ਪਦਾਰਥ ਦਾ ਸੰਤੁਲਨ ਕਿਵੇਂ ਰਹਿੰਦਾ ਹੈ ਬਣਿਆ ?

29. ਵਿਗਿਆਨ ਦੀ ਦੁਰ ਵਰਤੋਂ ਕਿਨ੍ਹਾਂ ਕਾਰਨਾ ਕਰਕੇ ਹੋ ਰਹੀ ਹੈ ?

30. ਵਿਗਿਆਨ ਤੇ ਤਕਨਾਲੋਜੀ ਦਾ ਵਿਕਾਸ ਕਿਸ ਨੂੰ ਕਹਿਣਾ ਚਾਹੀਦਾ ਹੈ ?

31. ਵਿਕਾਸ ਤੇ ਬੈਂਕ ਦੀ ਤੁਲਨਾ ਕਿਵੇਂ ਹੋ ਸਕਦੀ ਹੈ ?